ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7l

awazeqaumtvpunjab@gmail.com

ਬੁੱਧਵਾਰ, 13 ਮਾਰਚ 2024 (ਨਾਨਕਸ਼ਾਹੀ ਸੰਮਤ : ੫੫੫, ੩੦ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਹੁਣ ਬੀਬੀ ਜਗੀਰ ਕੌਰ ਦੀ ਹੋਵੇਗੀ ਘਰ ਵਾਪਸੀ, 14 ਮਾਰਚ ਨੂੰ ਪਾਰਟੀ 'ਚ ਹੋ ਸਕਦੇ ਨੇ ਸ਼ਾਮਲ



**ਚੰਡੀਗੜ੍ਹ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਬੀਬੀ ਜਗੀਰ ਕੌਰ ਵਿਚਾਲੇ ਚੱਲ ਰਹੇ ਰੇੜਕੇ 'ਤੇ ਵਿਰਾਮ ਲੱਗ ਸਕਦਾ ਹੈ। ਅਕਾਲੀ ਦਲ ਤੋਂ ਨਾਰਾਜ਼ ਚੱਲ ਰਹੇ ਸਾਬਕਾ ਐੱਸ. ਜੀ. ਪੀ. ਸੀ. ਪ੍ਰਧਾਨ ਬੀਬੀ ਜਗੀਰ ਕੌਰ ਜਲਦ ਹੀ ਘਰ ਵਾਪਸੀ ਕਰ ਸਕਦੇ ਹਨ। ਸੂਤਰਾਂ ਦੇ ਹਵਾਲੇ ਤੋਂ ਇਹ ਖ਼ਬਰ ਸਾਹਮਣੇ ਆ ਰਹੀ ਹੈ ਕਿ 14 ਮਾਰਚ ਨੂੰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਕੋਰ ਕਮੇਟੀ ਬੀਬੀ ਜਗੀਰ ਕੌਰ ਦੇ ਗ੍ਰਹਿ ਵਿਖੇ ਪੁੱਜੇਗੀ। ਉਨ੍ਹਾਂ ਦੀ ਰਿਹਾਇਸ਼ 'ਤੇ ਸੁਖਬੀਰ ਬਾਦਲ ਬੀਬੀ ਜਗੀਰ ਖ਼ਿਲਾਫ਼ ਪਾਇਆ ਮਤਾ ਰੱਦ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਬਹਾਲ ਕਰ ਸਕਦੇ ਹਨ। ਦੱਸ ਦੇਈਏ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੁਖਬੀਰ ਬਾਦਲ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਹਰ ਹੀਲਾ-ਵਸੀਲਾ ਵਰਤ ਰਹੇ ਹਨ ਅਤੇ ਉਹ ਪਾਰਟੀ ਨੂੰ ਮਜ਼ਬੂਤ ਕਰਨ ਲਈ ਨਾਰਾਜ਼ ਲੀਡਰਾਂ ਨੂੰ ਪਾਰਟੀ 'ਚ ਸ਼ਾਮਲ ਕਰ ਰਹੇ ਹਨ। ਇਸ ਤੋਂ ਪਹਿਲਾਂ ਸੁਖਦੇਵ ਸਿੰਘ ਢੀਂਡਸਾ ਨੇ ਆਪਣੀ ਪਾਰਟੀ ਅਕਾਲੀ ਦਲ ਸੰਯੁਕਤ ਦਾ ਅਕਾਲੀ ਦਲ 'ਚ ਰਲੇਵਾਂ ਕਰ ਲਿਆ ਹੈ। ਇਸ ਤੋਂ ਬਾਅਦ ਅਕਾਲੀ ਦਲ ਬਾਦਲ ਨੂੰ ਵੱਡੀ ਤਾਕਤ ਮਿਲੀ ਹੈ। ਹੁਣ ਬੀਬੀ ਜਗੀਰ ਕੌਰ ਦੇ ਆਉਣ ਨਾਲ ਮਹਿਲਾ ਵਿੰਗ ਨੂੰ ਵੀ ਕਾਫ਼ੀ ਮਜ਼ਬੂਤੀ ਮਿਲੇਗੀ।

## ਆਉਂਦੀਆਂ ਪਾਰਲੀਮਾਨੀ ਚੋਣਾਂ ਵਿਚ ਕਾਂਗਰਸ ਤੇ ਆਪ ਉਮੀਦਵਾਰਾਂ ਦੀਆਂ

# ਜ਼ਮਾਨਤਾਂ ਜ਼ਬਤ ਕਰਵਾ ਕੇ ਕਰਾਰਾ ਸਬਕ ਸਿਖਾਇਆ ਜਾਵੇ: ਸੁਖਬੀਰ ਬਾਦਲ

**ਗੁਰੂ ਹਰਿਸਹਾਇ/ਜਲਾਲਾਬਾਦ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਆਉਂਦੀਆਂ ਪਾਰਲੀਮਾਨੀ ਚੋਣਾਂ ਵਿਚ ਕਾਂਗਰਸ ਤੇ ਆਪ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਵਾ ਕੇ ਦੋਵਾਂ ਪਾਰਟੀਆਂ ਨੂੰ ਕਰਾਰਾ ਸਬਕ ਸਿਖਾਇਆ ਜਾਵੇ। ਅਕਾਲੀ ਦਲ ਦੇ ਪ੍ਰਧਾਨ, ਜਿਹਨਾਂ ਨੇ ਪਾਰਟੀ ਦੀ ਪੰਜਾਬ ਬਚਾਓ ਯਾਤਰਾ ਤਹਿਤ ਗੁਰੂ ਹਰਿਸਹਾਇ ਅਤੇ ਜਲਾਲਾਬਾਦ ਹਲਕਿਆਂ ਦਾ ਦੌਰਾ ਕੀਤਾ, ਦਾ ਸਰਹੱਦੀ ਪੱਟੀ ਵਿਚ ਲੋਕਾਂ ਨੇ ਸ਼ਾਨਦਾਰ ਸਵਾਗਤ ਕੀਤਾ ਤੇ ਹਜ਼ਾਰਾਂ ਲੋਕ ਸੜਕ ਦੇ ਦੋਵੇਂ ਖੜ੍ਹੇ ਹੋ ਕੇ ਉਹਨਾਂ ਦੇ ਨਿੱਘੇ ਸਵਾਗਤ ਵਿਚ ਜੁਟੇ ਤੇ ਉਹਨਾਂ ਨਾਲ ਮੁਲਾਕਾਤ ਕਰਦੇ ਰਹੇ ਜਦੋਂ ਕਿ ਪਾਰਟੀ ਦੇ ਸੈਂਕੜੇ ਆਗੂ ਤੇ ਕਾਰਕੁੰਨ ਪਾਰਟੀ ਪ੍ਰਧਾਨ ਦੇ ਨਾਲ ਯਾਤਰਾ ਵਿਚ ਟਰੈਕਟਰ, ਕਾਰਾਂ ਤੇ ਜੀਪਾਂ ਲੈ ਕੇ ਸ਼ਾਮਲ ਹੋਏ। ਸੁਖਬੀਰ ਬਾਦਲ, ਜਿਹਨਾਂ ਦੇ ਨਾਲ ਗੁਰੂ ਹਰਿਸਹਾਇ ਵਿਚ ਵਰਦੇਵ ਸਿੰਘ ਮਾਨ ਅਤੇ ਜਲਾਲਾਬਾਦ ਵਿਚ ਸਤਿੰਦਰਜੀਤ ਸਿੰਘ ਮੰਟਾ ਵੀ ਸਨ, ਨੇ ਹੈਰਾਨੀ ਪ੍ਰਗਟ ਕੀਤੀ ਕਿ ਕਾਂਗਰਸ ਤੇ ਆਪ ਦੋਵਾਂ ਨੇ ਕਿਸ ਤਰੀਕੇ ਨਾਲ ਸਰਹੱਦੀ ਪੱਟੀ ਨੂੰ ਅਣਡਿੱਠ ਕੀਤਾ ਹੈ। ਉਹਨਾਂ ਕਿਹਾ ਕਿ ਸੂਬੇ ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਅਸੀਂ ਉਹਨਾਂ ਸਾਰੇ ਕਾਸ਼ਤਕਾਰਾਂ ਦੇ ਮਾਲਕਾਨਾਂ ਹੱਕ ਬਹਾਲ ਕਰਾਂਗੇ ਜਿਹਨਾਂ ਨੂੰ ਹੁਣ ਤੱਕ ਇਹ ਹੱਕ ਨਹੀਂ ਮਿਲੇ। ਉਹਨਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਪ੍ਰਕਿਰਿਆ ਆਰੰਭ ਕੀਤੀ ਸੀ ਪਰ ਫਿਰ ਕਾਂਗਰਸ ਦੀ ਸਰਕਾਰ ਆ ਗਈ ਜਿਸਨੇ ਤੁਹਾਨੂੰ ਮਾਲਕਾਨਾ ਹੱਕ ਦੇਣ ਤੋਂ ਨਾਂਹ ਕਰ ਦਿੱਤੀ। ਉਹਨਾਂ ਕਿਹਾ ਕਿ ਅਸੀਂ ਸਾਡੀ ਸਰਕਾਰ ਬਣਨ 'ਤੇ ਇਹ ਹੱਕ ਤੁਹਾਨੂੰ ਤੁਰੰਤ ਦੇ ਦਿਆਂਗੇ। ਬਾਦਲ ਨੇ ਹੈਰਾਨੀ ਪ੍ਰਗਟ ਕੀਤੀ ਕਿ ਸੇਵਾ ਕੇਂਦਰ ਤੇ ਸੁਵਿਧਾ ਕੇਂਦਰ ਜੋ ਅਕਾਲੀ ਦਲ ਦੀ ਸਰਕਾਰ ਸਮੇਂ ਸਰਹੱਦੀ ਪੱਟੀ ਵਿਚ ਖੋਲ੍ਹੇ ਗਏ ਸਨ, ਉਹ ਬੰਦ ਕਰ ਦਿੱਤੇ ਗਏ ਹਨ। ਉਹਨਾਂ ਕਿਹਾ ਕਿ ਉਹਨਾਂ ਨੂੰ ਲੋਕਾਂ ਨੇ ਆ ਕੇ ਦੱਸਿਆ ਹੈ ਕਿ ਉਹਨਾਂ ਨੂੰ ਤਾਂ ਪੀਣ ਵਾਲਾ ਸਾਫ ਪਾਣੀ ਵੀ ਨਹੀਂ ਮਿਲ ਰਿਹਾ ਕਿਉਂਕਿ



ਅਕਾਲੀ ਦਲ ਵੱਲੋਂ ਲਗਾਏ ਆਰ ਓ ਪਲਾਂਟ ਵੀ ਬੰਦ ਪਏ ਹਨ। ਅਨੇਕਾਂ ਲੋਕਾਂ ਨੇ ਇਹ ਵੀ ਦਾਅਵਾ ਕੀਤਾ ਕਿ ਆਟਾ-ਦਾਲ ਤੇ ਬੁਢਾਪਾ ਪੈਨਸ਼ਨ ਵਰਗੀਆਂ ਸਮਾਜ ਭਲਾਈ ਸਕੀਮਾਂ ਦਾ ਲਾਭ ਵੀ ਉਹਨਾਂ ਨੂੰ ਨਹੀਂ ਦਿੱਤਾ ਜਾ ਰਿਹਾ। ਉਹਨਾਂ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਹੈ ਤੇ ਅਸੀਂ ਲੋਕਾਂ ਲਈ ਇਹ ਸਹੂਲਤਾਂ ਬਹਾਲ ਕਰਨ ਵਾਸਤੇ ਵਚਨਬੱਧ ਹਾਂ।

ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਜ਼ੋਰ ਦੇ ਕੇ ਆਖਿਆ ਕਿ ਪੰਜਾਬ ਵਿਚ ਨਸ਼ਾ ਤਸਕਰੀ ਬਹੁਤ ਜ਼ਿਆਦਾ ਵੱਧ ਗਈ ਹੈ ਕਿਉਂਕਿ ਆਪ ਵਿਧਾਇਕ ਨਾ ਸਿਰਫ ਨਸ਼ਾ ਤਸਕਰਾਂ ਨਾਲ ਰਲੇ ਹੋਏ ਬਲਕਿ ਉਹਨਾਂ ਤੋਂ ਮਹੀਨੇ ਵਸੂਲ ਰਹੇ ਹਨ। ਉਹਨਾਂ ਕਿਹਾ ਕਿ ਆਪ ਵਿਧਾਇਕ ਪੁਲਿਸਦੇ ਕੰਮਕਾਜ ਵਿਚ ਦਖਲਅੰਦਾਜ਼ੀ ਕਰ ਰਹੇ ਹਨ ਤੇ ਪੁਲਿਸ ਨੂੰ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਨ ਤੋਂ ਰੋਕ ਰਹੇ ਹਨ। ਉਹਨਾਂ ਕਿਹਾ ਕਿ ਨਸ਼ਿਆਂ ਦੇ ਪਸਾਰ ਦੇ ਨਾਲ-ਨਾਲ ਗੁੰਡਾਵਰਦੀ ਤੇ ਫਿਰੌਤੀਆਂ ਵਸੂਲਣ ਦੇ ਸਭਿਆਚਾਰ ਕਾਰਨ ਪੰਜਾਬ ਪਛੜ ਰਿਹਾ ਹੈ ਤੇ ਇਥੇ ਕੋਈ ਨਿਵੇਸ਼ ਨਹੀਂ ਹੋ ਰਿਹਾ ਤੇ ਘਰੇਲੂ ਉਦਯੋਗ ਵੀ ਹਿਜ਼ਰਤ ਕਰ ਕੇ ਉੱਤਰ ਪ੍ਰਦੇਸ਼ ਤੇ ਹੋਰ ਥਾਵਾਂ 'ਤੇ ਜਾ ਰਿਹਾ ਹੈ।

## ਭਾਰਤੀ ਹਵਾਈ ਫ਼ੌਜ ਦਾ ਤੇਜਸ ਜਹਾਜ਼ ਹੋਇਆ ਕ੍ਰੈਸ਼, ਹੋਸਟਲ ਦੀ ਬਿਲਡਿੰਗ ਨੇੜੇ ਡਿੱਗਿਆ



**ਜੈਸਲਮੇਰ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਰਾਜਸਥਾਨ ਦੇ ਜੈਸਲਮੇਰ ਨੇੜੇ ਅੱਜ ਯਾਨੀ ਮੰਗਲਵਾਰ ਨੂੰ ਭਾਰਤੀ ਹਵਾਈ ਫ਼ੌਜ ਦਾ ਹਲਕਾ ਤੇਜਸ ਲੜਾਕੂ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ। ਇਕ ਅਧਿਕਾਰੀ ਨੇ ਇਸ ਹਾਦਸੇ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਾਇਲਟ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਜਾਣਕਾਰੀ ਅਨੁਸਾਰ ਜੈਸਲਮੇਰ ਦੀ ਜਵਾਹਰ ਕਾਲੋਨੀ ਕੋਲ ਤੇਜਸ ਕ੍ਰੈਸ਼ ਹੋਇਆ ਹੈ, ਜੋ ਮੇਘਵਾਲ ਹੋਸਟਲ ਦੀ ਬਿਲਡਿੰਗ ਨੇੜੇ ਡਿੱਗਿਆ। ਫਿਲਹਾਲ ਘਟਨਾ 'ਚ ਕਿਸੇ ਤਰ੍ਹਾਂ ਦੀ ਅਣਹੋਣੀ ਦੀ ਖ਼ਬਰ ਨਹੀਂ ਹੈ। ਹਾਦਸੇ ਤੋਂ ਬਾਅਦ ਪੁਲਸ ਪ੍ਰਸ਼ਾਸਨ ਦੇ ਅਧਿਕਾਰੀ ਮੌਕੇ 'ਤੇ ਪਹੁੰਚੇ। ਇਸ ਹਾਦਸੇ 'ਚ ਪਾਇਲਟ ਸੁਰੱਖਿਅਤ ਬਚ ਗਿਆ ਹੈ। ਉੱਥੇ ਹੀ ਹਾਦਸੇ ਦਾ ਪਤਾ ਲਗਾਉਣ ਲਈ ਕੋਰਟ ਆਫ਼ ਇਨਕਵਾਇਰੀ ਦਾ ਆਦੇਸ਼ ਦਿੱਤਾ ਗਿਆ ਹੈ।

## ਰੂਸ 'ਚ ਫੌਜੀ ਟਰਾਂਸਪੋਰਟ ਜਹਾਜ਼ ਹਾਦਸਾਗ੍ਰਸਤ, 15 ਲੋਕ ਸਨ ਸਵਾਰ

**ਮਾਸਕੋ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਰੂਸ ਵਿਚ ਇਕ ਵੱਡਾ ਜਹਾਜ਼ ਹਾਦਸਾ ਵਾਪਰਿਆ ਹੈ। ਇੱਥੇ ਪੱਛਮੀ ਰੂਸ ਦੇ ਇੱਕ ਹਵਾਈ ਅੱਡੇ ਤੋਂ ਉਡਾਣ ਭਰਦੇ ਸਮੇਂ ਮੰਗਲਵਾਰ ਨੂੰ 15 ਲੋਕਾਂ ਦੇ ਨਾਲ ਮਿਲਟਰੀ ਟਰਾਂਸਪੋਰਟ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਰੂਸ ਦੇ ਰੱਖਿਆ ਮੰਤਰਾਲੇ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਮੰਤਰਾਲੇ ਨੇ ਕਿਹਾ ਕਿ ਅੱਠ ਚਾਲਕ ਦਲ ਅਤੇ ਸੱਤ ਯਾਤਰੀਆਂ ਵਾਲਾ ਆਈਐਲ-76 ਜਹਾਜ਼ ਇਵਾਨੋਵੋ ਖੇਤਰ ਵਿੱਚ ਕਰੈਸ਼ ਹੋ ਗਿਆ। ਇਸ ਬਿਆਨ ਵਿਚ ਕਿਹਾ ਕਿ ਟੇਕਆਫ ਦੌਰਾਨ ਇੰਜਣ ਵਿਚ ਅੱਗ ਲੱਗਣ ਕਾਰਨ ਹਾਦਸੇ ਦਾ ਸੰਭਾਵਿਤ ਕਾਰਨ ਸੀ।

ਆਵਾਜ਼ਿ ਕੌਮ

Daily Newspaper from U.K.

Publisher/Chief Editor

Raghbir Singh Walsal

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਨਾਇਬ ਸਿੰਘ ਸੈਨੀ ਬਣੇ ਹਰਿਆਣਾ ਦੇ ਨਵੇਂ ਮੁੱਖ ਮੰਤਰੀ, ਚੁੱਕੀ ਸਹੁੰ



**ਚੰਡੀਗੜ੍ਹ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਦੇ ਸਿਆਸੀ ਸੰਕਟ ਦਰਮਿਆਨ ਮਨੋਹਰ ਲਾਲ ਦੇ ਮੰਤਰੀ ਮੰਡਲ ਸਮੇਤ ਮੁੱਖ ਮੰਤਰੀ ਦੇ ਅਸਤੀਫੇ ਤੋਂ ਬਾਅਦ ਨਾਇਬ ਸੈਣੀ ਨੂੰ ਭਾਜਪਾ ਵਿਧਾਇਕ ਦਲ ਦਾ ਨੇਤਾ ਚੁਣ ਲਿਆ ਗਿਆ ਹੈ। ਜਿਸ ਤੋਂ ਬਾਅਦ ਨਾਇਬ ਸੈਣੀ ਰਾਜ ਭਵਨ ਪਹੁੰਚੇ ਅਤੇ ਰਾਜਪਾਲ ਨੂੰ ਨਵੀਂ ਸਰਕਾਰ ਦਾ ਦਾਅਵਾ ਪੇਸ਼ ਕੀਤਾ। ਹੁਣ ਭਾਜਪਾ ਜੇਜੇਪੀ ਦੇ ਸਮਰਥਨ ਤੋਂ ਬਿਨਾਂ ਆਜ਼ਾਦ ਵਿਧਾਇਕਾਂ ਦੀ ਮਦਦ ਨਾਲ ਸਰਕਾਰ ਬਣਾਏਗੀ। ਨਾਇਬ ਸੈਣੀ ਨੇ ਹਰਿਆਣਾ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ। ਨਾਇਬ ਸਿੰਘ ਸੈਨੀ ਅੰਬਾਲਾ ਦੇ ਮਿਰਜਾਪੁਰ ਮਾਜਰਾ ਦੇ ਰਹਿਣ ਵਾਲੇ ਹਨ। 2019 'ਚ ਦਿੱਤੇ ਗਏ ਚੋਣ ਹਲਫ਼ਨਾਮੇ ਅਨੁਸਾਰ ਨਾਇਬ ਸਿੰਘ ਸੈਨੀ ਕੋਲ ਕੁੱਲ ਜਾਇਦਾਦ 33 ਲੱਖ ਹੈ, ਜਦੋਂ ਕਿ ਉਨ੍ਹਾਂ ਦੀ ਪਤਨੀ ਕੋਲ 11 ਲੱਖ ਰੁਪਏ ਦੀ ਚੱਲ ਜਾਇਦਾਦ ਹੈ। ਜੋੜੇ ਕੋਲ ਕੁੱਲ 2 ਲੱਖ 85 ਹਜ਼ਾਰ ਰੁਪਏ ਕੈਸ਼ ਵੀ ਹੈ। ਐਫੀਡੇਵਿਟ 'ਚ ਉਨ੍ਹਾਂ ਦੱਸਿਆ ਕਿ ਪਰਿਵਾਰ 'ਚ ਉਨ੍ਹਾਂ ਦੀ ਮਾਂ ਕੁਲਵੰਤ ਕੌਰ, ਧੀ ਵੰਸ਼ਿਕਾ ਅਤੇ ਪੁੱਤ ਅਨੀਕੇਤ ਸੈਨੀ ਵੀ ਹਨ। ਉਨ੍ਹਾਂ ਦੀ ਮਾਂ ਦੇ ਅਕਾਊਂਟ 'ਚ 5 ਸਾਲ ਪਹਿਲੇ 71 ਹਜ਼ਾਰ ਰੁਪਏ ਸਨ, ਜਦੋਂ ਕਿ ਧੀ ਵੰਸ਼ਿਕਾ ਕੋਲ 2 ਲੱਖ 93 ਹਜ਼ਾਰ ਅਤੇ ਪੁੱਤ ਕੋਲ 30 ਲੱਖ 29 ਹਜ਼ਾਰ ਰੁਪਏ ਸਨ। ਉਨ੍ਹਾਂ ਦੀ ਪਤਨੀ ਦੇ ਸੇਵਿੰਗ ਅਕਾਊਂਟ 'ਚ ਚਾਰ ਲੱਖ 70 ਹਜ਼ਾਰ ਰੁਪਏ ਸਨ। ਖ਼ੁਦ ਨਾਇਬ ਸਿੰਘ ਦੇ ਬੈਂਕ ਅਕਾਊਂਟ 'ਚ ਪੌਨੇ 2 ਲੱਖ ਰੁਪਏ ਸਨ। ਉਹ ਸਾਲ 2002 'ਚ ਯੁਵਾ ਮੋਰਚਾ ਭਾਜਪਾ ਅੰਬਾਲਾ ਤੋਂ ਜ਼ਿਲ੍ਹਾ ਮਹਾਂਮੰਤਰੀ ਬਣੇ ਰਹੇ। ਇਸ ਤੋਂ ਬਾਅਦ ਸਾਲ 2005 'ਚ ਯੁਵਾ ਮੋਰਚਾ ਭਾਜਪਾ ਅੰਬਾਲਾ 'ਚ ਜ਼ਿਲ੍ਹਾ ਪ੍ਰਧਾਨ ਬਣੇ ਰਹੇ। ਨਾਇਬ ਸਿੰਘ ਸੈਨੀ ਸਾਲ 2009 'ਚ ਕਿਸਾਨ ਮੋਰਚਾ ਭਾਜਪਾ ਹਰਿਆਣਾ ਦੇ ਪ੍ਰਦੇਸ਼ ਮਹਾਂਮੰਤਰੀ ਰਹੇ। ਸਾਲ 2012 'ਚ ਭਾਜਪਾ ਅੰਬਾਲਾ ਤੋਂ ਜ਼ਿਲ੍ਹਾ ਪ੍ਰਧਾਨ ਰਹੇ। ਸਾਲ 2014 'ਚ ਉਹ ਨਾਰਾਇਣਗੜ੍ਹ ਵਿਧਾਨ ਸਭਾ ਤੋਂ ਵਿਧਾਇਕ ਬਣੇ। ਇਸ ਤੋਂ ਬਾਅਦ ਸਾਲ 2016 'ਚ ਉਹ ਹਰਿਆਣਾ ਸਰਕਾਰ 'ਚ ਰਾਜ ਮੰਤਰੀ ਰਹੇ। ਉੱਥੇ ਹੀ ਉਹ ਸਾਲ 2019 'ਚ ਕੁਰੂਕਸ਼ੇਤਰ ਤੋਂ ਸੰਸਦ ਮੈਂਬਰ ਚੁਣੇ ਗਏ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਹੋਲਾ ਮਹੱਲਾ ਸ਼੍ਰੀ ਅਨੰਦਪੁਰ ਸਾਹਿਬ ਜੀ

## ਹੋਲੇ ਮਹੱਲੇ ਨੂੰ ਸਮਰਪਿਤ

# ਵਿਸ਼ਾਲ ਨਗਰ ਕੀਰਤਨ ਕਾਜ਼ਲਮੋਰਾਨੋ

**23 ਮਾਰਚ 2024 ਸਨੀਵਾਰ ਗੁਰਦੁਆਰਾ ਸਾਹਿਬ ਤੋ ਨਗਰ ਕੀਰਤਨ ਦੀ ਅਰੰਭਤਾ 12 ਵਜੇਂ ਹੋਵੇਗੀ ਅਤੇ ਗੁਰਦੁਆਰਾ ਸਾਹਿਬ ਵਿਖੇ ਹੀ ਸ਼ਾਮ 5 ਵਜੇ ਸਮਾਪਤੀ ਹੋਵੇਗੀ।**

ਨਗਰ ਕੀਰਤਨ ਵਿੱਚ ਸ਼ਮੂਲੀਅਤ ਸਿੱਖ ਪ੍ਰਚਾਰਕ ਕਥਾ ਵਾਚਕ, ਰਾਗੀ ਸਿੰਘ ਕਵੀਸ਼ਰੀ,ਢਾਡੀ ਜਥੇ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਆਪਣਾ ਕੀਮਤੀ ਸਮਾਂ ਕੱਢ ਕੇ ਨਗਰ ਕੀਰਤਨ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778




# ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਅਤੇ ਸਮੂਹ ਸ਼ਹੀਦਾਂ ਸਿੰਘਾਂ ਦੀ ਯਾਦ ਵਿਚ ਹਫਤਾਵਾਰੀ ਸਮਾਗਮ

## ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਸਲਾਹਕਾਰ ਬਾਬਾ ਸੱਜਣ ਸਿੰਘ ਜੀ ਵੱਲੋਂ ਆਈਆਂ ਹੋਈਆਂ ਸੰਗਤਾ ਨੂੰ ਜੀ ਆਇਆ ਕਿਹਾ ਅਤੇ ਧੰਨਵਾਦ ਕੀਤਾ

ਤਰਨਤਾਰਨ, (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ )-ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਸਲਾਹਕਾਰ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ ਜੂਨ 1984 ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਸ਼ਹੀਦ ਭਾਈ ਸਰਵਣ ਸਿੰਘ ਜੀ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿਚ ਹਫਤਾਵਾਰੀ ਸਮਾਗਮ ਕੀਤਾ ਗਿਆ। ਸੰਗਤਾਂ ਵੱਲੋਂ ਰਲ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਅਤੇ ਚੌਪਈ ਸਾਹਿਬ ਜੀ ਦੇ ਪਾਠ ਕੀਤੇ ਗਏ। ਆਈਆਂ ਸੰਗਤਾਂ ਵਾਸਤੇ ਸ਼ਰਦਾਈ ਦੇ ਲੰਗਰ ਅਤੁੱਟ ਵਰਤਿਆ।ਇੰਟਰਨੈਸ਼ਨਲ ਪੰਥਕ ਦਲ ਦੇ

ਆਵਾਜ਼ਿ ਕੌਮ AWAZE QAUM International Newspaper & WEB TV

ਮੁੱਖ ਸਲਾਹਕਾਰ ਬਾਬਾ ਸੱਜਣ ਸਿੰਘ ਜੀ ਵੱਲੋਂ ਆਈਆਂ ਹੋਈਆਂ ਸੰਗਤਾ ਨੂੰ ਜੀ ਆਇਆ ਕਿਹਾ ਅਤੇ ਧੰਨਵਾਦ ਕੀਤਾ।ਇਸ ਮੌਕੇ ਸ਼ਹੀਦ ਭਾਈ ਸਰਵਣ ਸਿੰਘ ਜੀ ਦੀ ਧਰਮ ਸਪਤਨੀ ਬੀਬੀ ਗੁਰਵਿੰਦਰ ਕੌਰ, ਗਿਆਨੀ ਧਰਮ ਸਿੰਘ ਮੱਖੀ, ਬਾਬਾ ਦਇਆ ਸਿੰਘ ਜੀ, ਸ੍ਰ ਕਰਨੈਲ ਸਿੰਘ ਜੀ, ਕਰਨਜੀਤ ਸਿੰਘ, ਸ੍ਰ ਜਰਨੈਲ ਸਿੰਘ ,ਸ੍ਰ ਬਲਰਾਜ ਸਿੰਘ ਅਲਗੋ ਕੋਠੀ,ਸ੍ਰ ਮਹਿੰਦਰਪਾਲ ਸਿੰਘ, ਸ੍ਰ ਸਿਮਰਨਜੀਤ ਸਿੰਘ,ਸ੍ਰ ਹਰਪ੍ਰੀਤ ਸਿੰਘ,ਰਾਗੀ ਭਾਈ ਕਿਰਪਾਲ ਸਿੰਘ ਅਤੇ ਹੋਰ ਸੰਗਤਾਂ ਹਾਜਰ ਸਨ।












ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਪੰਜਾਬੀ
## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

| | | | |
|---|---|---|---|
| ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ |
| ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ |
| ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ |

www.damdamitaksal.net

੧ ੨ ੩ ੪ ੫ ੬ ੭ ੮ ੯ ੧੦


www.damdamitaksal.net

Learn Speak Read Write
PUNJABI



*ਸਾਬਤ ਸੂਰਤਿ ਦਸਤਾਰ ਸਿਰਾ*

## ਦਸਤਾਰਾਂ ਹੀ ਦਸਤਾਰਾਂ



# ਰੰਧਾਵਾ ਪਗੜੀ ਸੈਂਟਰ

ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।



✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



# ASA Gas Heating Solution Ltd.

| | |
|---|---|
| Boilers | Gas Safety Inspections |
| Certificates | Plumbing Work |
| Gas Work | |
| Cylinders | |
| Maintenance Services | |

Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-obligation quote


THE GURBANI SCHOOL
THE GURBANI SCHOOL
ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।
LEARN THE CORRECT PRONUNCIATION OF GURBANI IN THE CONVENIENCE OF YOUR OWN HOME
GET IT ON Google Play
Download on the App Store
12:47
THE GURBANI SCHOOL
Read Gurbani
Language & Preferences
About us
Feedback
Share app
INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION
8
EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN
AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION
MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH
ੳ
A
अ

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥

ਨਾਨਕਸ਼ਾਹੀ ਸੰਮਤ ੫੫੬ ਦੇ ਆਗਮਨ ਦੀ ਖੁਸ਼ੀ ਵਿੱਚ

# ਸਿੱਖ ਨਵਾਂ ਸਾਲ

## ਚੇਤ ਦੀ ਸੰਗਰਾਂਦ


ਸੰਤ ਬਾਬਾ ਮਨਵੀਰ ਸਿੰਘ ਜੀ
ਨਾਨਕਸਰ ਵਾਲ਼ੇ


ਭਾਈ ਸਿਮਰਜੀਤ ਸਿੰਘ ਜੀ ਪਰਵਾਨਾ
ਕਵੀਸ਼ਰੀ ਜਥਾ

ਬੁੱਧਵਾਰ 13 ਮਾਰਚ 2024
ਗੁਰਦੁਆਰਾ ਨਾਨਕਸਰ ਸਾਹਿਬ, ਪਿੰਡ ਮੱਤਾ (ਫਰੀਦਕੋਟ)
ਸਮਾਂ: ਰਾਤ 7 ਵਜੇ ਤੋਂ 11 ਵਜੇ

LIVE ON
Facebook
YouTube


ਗਿਆਨੀ ਗੁਰਜੀਤ ਸਿੰਘ ਜੀ
ਪਟਿਆਲਾ


ਗਿਆਨੀ ਅਵਤਾਰ ਸਿੰਘ ਜੀ
ਸ੍ਰੀ ਅੰਮ੍ਰਿਤਸਰ ਸਾਹਿਬ


ਭਾਈ ਗੁਰਤੇਜ ਸਿੰਘ ਜੀ
ਬਠਿੰਡਾ


ਗਿਆਨੀ ਜਗਸੀਰ ਸਿੰਘ ਜੀ


ਗਿਆਨੀ ਸਤਨਾਮ ਸਿੰਘ ਜੀ
ਸਟੇਜ ਸੈਕਟਰੀ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਆਪ ਜੀ ਨੇ ਪਰਿਵਾਰ ਸਮੇਤ ਹਾਜਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ।
ਗੁਰਮਤਿ ਸਮਾਗਮ ਵਿੱਚ ਹਾਜਰੀ ਭਰਨ ਵਾਲੇ ਅਤੇ ਪਿੰਡ ਦੇ ਸਾਰੇ ਕੇਸਾਧਾਰੀ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

ਵੱਲੋਂ: ਸਮੂਹ ਸਾਧ ਸੰਗਤ ਪਿੰਡ ਮੱਤਾ (ਫਰੀਦਕੋਟ)
ਸੰਪਰਕ ਨੰ. ਗੁਰਪ੍ਰੀਤ ਸਿੰਘ- 91547 00084, ਜਸਬੀਰ ਸਿੰਘ-94176 10208



ਨਾਨਕਸ਼ਾਹੀ ਸੰਮਤ ੫੫੬ ਦੇ ਆਗਮਨ ਦੀ ਖੁਸ਼ੀ ਵਿੱਚ



# ਸੁੰਦਰ ਦਸਤਾਰ ਮੁਕਾਬਲੇ



## ਪਾਲ ਇੰਟਰਨੈਸ਼ਨਲ ਐਜੂਕੇਸ਼ਨਲ ਕਾਲਜ ਦੇ ਸਹਿਯੋਗ ਨਾਲ

ਮਿਤੀ 13 ਮਾਰਚ 2024 ਦਿਨ ਬੁੱਧਵਾਰ
ਗੁਰਦੁਆਰਾ ਨਾਨਕਸਰ ਸਾਹਿਬ, ਪਿੰਡ ਮੱਤਾ (ਫਰੀਦਕੋਟ)
ਸਮਾਂ: ਦੁਪਿਹਰ 12:00 ਵਜੇ
ਜੇਤੂ ਬੱਚਿਆ ਨੂੰ ਨਗਦ ਇਨਾਮ+ਦਸਤਾਰ+ਟਰਾਫੀ ਦਿੱਤੀ ਜਾਵੇਗੀ।

ਨੋਟ: ਇਸ ਮੁਕਾਬਲੇ ਵਿੱਚ ਪ੍ਰੋਫੈਸ਼ਨਲ ਕੋਚ ਭਾਗ ਨਹੀਂ ਲੈ ਸਕਦਾ।

LIVE ON
Facebook
YouTube

ਸ਼ਰਤਾਂ:-
01. ਪ੍ਰਤੀਯੋਗੀ ਆਪਣੀ ਦਸਤਾਰ, ਸ਼ੀਸ਼ਾ, ਬਾਜ਼, ਪੱਗ ਪਿੰਨ ਸਾਰਾ ਸਮਾਨ ਨਾਲ ਲੈ ਕੇ ਆਵੇਗਾ।
02. ਦਸਤਾਰ ਮੁਕਾਬਲੇ ਵਿੱਚ ਤਿੰਨ ਜੇਤੂ ਪੁਜੀਸ਼ਨਾਂ ਹੋਣਗੀਆਂ।
03. ਇਸ ਮੁਕਾਬਲੇ ਵਿੱਚ ਹਰੇਕ ਉਮਰ ਦਾ ਵਿਅਕਤੀ ਭਾਗ ਲੈ ਸਕਦਾ ਹੈ।
04. ਸੰਖੇਪ ਇਤਿਹਾਸ ਬਾਰੇ ਜਾਣਕਾਰੀ ਹੋਣਾ ਲਾਜ਼ਮੀ ਹੈ।
05. ਜੱਜ ਦਾ ਫੈਸਲਾ ਅਟੱਲ ਹੋਵੇਗਾ।

ਸੰਪਰਕ - ਅਵਤਾਰ ਸਿੰਘ 94640-10033, ਗੁਰਸੇਵਕ ਸਿੰਘ 95921-32999, ਹਰਿੰਦਰ ਸਿੰਘ (ਦਸਤਾਰ ਕੋਚ) 98884-02583, ਜਗਸੀਰ ਸਿੰਘ 94171-01193

PAUL INTERNATIONAL EDUCATIONAL COLLEGE
Nanny, Personal Support Worker, PR, Visitor Visa, Work Visa | Contact : +91 81469-62394

## ਸੰਤ ਗਿਆਨੀ ਹਰਨਾਮ ਸਿੰਘ ਜੀ ਵੱਲੋਂ

# ਖਾਲਸਾ ਪ੍ਰੀਮੀਅਮ ਸਕੂਲ ਦਾ ਉਦਘਾਟਨ ਸਮਾਰੋਹ



**ਚੌਕ ਮਹਿਤਾ, 12 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਦਮਦਮੀ ਟਕਸਾਲ ਦੀ 16ਵੀਂ ਮੁਖੀ ਮਾਨਯੋਗ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਪ੍ਰਧਾਨ ਸੰਤ ਸਮਾਜ ਦੀ ਸੰਯੋਗ ਅਗਵਾਈ ਹੇਠ ਚੱਲ ਰਹੀਆਂ ਖ਼ਾਲਸਾ ਵਿਦਿਅਕ ਅਤੇ ਮੈਡੀਕਲ ਸੰਸਥਾਵਾਂ ਦੇ ਸਹਿਯੋਗ ਨਾਲ 12 ਮਾਰਚ 2024 ਦਿਨ ਮੰਗਲਵਾਰ ਨੂੰ ਮਾਨਯੋਗ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਖਾਲਸਾ ਪ੍ਰੀਮੀਅਮ ਸਕੂਲ ਦਾ ਉਦਘਾਟਨ ਕੀਤਾ ਗਿਆ। ਸਕੂਲ ਦੀ ਮੁੱਖ ਗੇਟ ਤੇ ਸਕੂਲ ਮੈਨੇਜਮੈਂਟ, ਸਕੂਲ ਸਟਾਫ, ਹਸਪਤਾਲ ਸਟਾਫ, ਖਾਲਸਾ ਕਾਲਜ ਅਤੇ ਵਿਦਿਆਰਥੀਆਂ ਵੱਲੋਂ ਬਾਬਾ ਜੀ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਉਦਘਾਟਨੀ ਸਮਾਰੋਹ ਵਿੱਚ ਬਾਬਾ ਜੀ ਵੱਲੋਂ ਜਪੁਜੀ ਸਾਹਿਬ ਦੀਆਂ ਪੰਜ ਪੌੜੀਆਂ ਦੀ ਪਾਠ ਉਪਰੰਤ ਅਰਦਾਸ ਕੀਤੀ ਗਈ। ਉਹਨਾਂ ਨੇ ਸਕੂਲ ਦੀਆਂ ਵਿਸ਼ੇਸ਼ਤਾਵਾਂ ਸਬੰਧੀ ਜਾਣੂ ਕਰਵਾਉਂਦਿਆਂ ਹੋਇਆਂ ਕਿਹਾ ਕਿ ਇਹ ਸਕੂਲ ਅਤਿ ਆਧੁਨਿਕ ਤਕਨੀਕ ਸਹੂਲਤਾਂ ਨਾਲ ਲੈਸ ਹੋਵੇਗਾ। ਇਹ ਇੱਕ ਨਾਮਵਰ ਸ਼ਹਿਰੀ ਸਕੂਲ ਦੀ ਹਰੇਕ ਸੁਵਿਧਾ ਜਿਵੇਂ ਕਿ ਗਰਮੀਆਂ ਦੇ ਵਿੱਚ ਏ.ਸੀ ਦਾ ਖਾਸ ਪ੍ਰਬੰਧ, ਫਿਲਟਰ ਠੰਡੇ ਪਾਣੀ ਦਾ ਖਾਸ ਪ੍ਰਬੰਧ, ਸਰਦੀਆਂ ਵਿੱਚ ਰੂਮ ਹੀਟਰ ਅਤੇ ਬੱਚਿਆਂ ਦੇ ਖਾਣੇ ਨੂੰ ਗਰਮ ਕਰਨ ਦਾ ਖਾਸ ਪ੍ਰਬੰਧ ਗੁਣਵੱਤਾ ਤੇ ਅਧਾਰਿਤ ਸਿੱਖਿਆ ਯੋਗ ਤਜਰਬੇਕਾਰ ਸਟਾਫ ਖੇਡਾਂ ਦੀ ਸਿਖਲਾਈ ਧਾਰਮਿਕ ਵਿਦਿਆ ਐਨ.ਸੀ.ਸੀ ਸਿਖਲਾਈ ਸੁਰੱਖਿਅਤ ਬੱਸ ਸੁਵਿਧਾ ਸੁਰੱਖਿਅਤ ਹੋਸਟਲ ਦੀ ਸੁਵਿਧਾ ਵਿਦਿਆਰਥੀਆਂ ਵਿਚਕਾਰ ਮੁਕਾਬਲੇ ਦੀ ਭਾਵਨਾ ਨੂੰ ਉਤਸਾਹਿਤ ਕਰਨ ਵਾਲੇ ਪ੍ਰੋਗਰਾਮਾਂ ਸਬੰਧੀ ਵਿੱਦਿਆ ਇਸ ਸਕੂਲ ਦੀ ਵਿਸ਼ੇਸ਼ਤਾ ਬਣੇਗੀ। ਬਾਬਾ ਜੀ ਨੇ ਇਹਨਾਂ ਵਿਦਿਅਕ ਅਦਾਰਿਆਂ ਨੂੰ ਅਸ਼ੀਰਵਾਦ ਦਿੰਦਿਆਂ ਹੋਇਆ ਕਿਹਾ ਕਿ ਇਹ ਅਦਾਰੇ ਦਿਨ ਦੁਗਣੀ ਰਾਤ ਚੁਗਣੀ ਤਰੱਕੀ ਕਰਨ।

ਇਸ ਮੌਕੇ ਗਿਆਨੀ ਸਾਹਿਬ ਸਿੰਘ , ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ,ਪ੍ਰਿੰਸੀਪਲ ਮੈਡਮ ਸੁਖਮੀਤ ਕੌਰ, ਮੈਡਮ ਪਰਵੀਨ ਕੌਰ, ਮੈਡਮ ਹਰਜੀਤ ਕੌਰ ,ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ,ਅਵਤਾਰ ਸਿੰਘ ਬੁਟਰ (ਮੈਂਬਰ ਚੀਫ ਖਾਲਸਾ ਦੀਵਾਨ),ਸੁਪਰਡੈਂਟ ਗੁਰਪਿੰਦਰ ਸਿੰਘ ਬਾਬਾ ਬੋਹੜ ਸਿੰਘ , ਬਾਬਾ ਚਮਕੌਰ ਸਿੰਘ , ਡਾਕਟਰ ਗੁਰਪ੍ਰਤਾਪ ਸਿੰਘ, ਰੁਪਿੰਦਰ ਸਿੰਘ, ਸਹਾਇਕ ਪ੍ਰਬੰਧਕ ਦਿਲਬਾਗ ਸਿੰਘ, ਇਕਬਾਲ ਸਿੰਘ ਜੀ ਸ਼ਾਹ, ਡਾਕਟਰ ਜਸਮੀਨ ਕੌਰ ਧਾਲੀਵਾਲ, ਡਾਕਟਰ ਚਰਨਜੀਤ ਸਿੰਘ, ਡਾਕਟਰ ਸੁਮਨਦੀਪ ਕੌਰ ਆਦਿ ਸ਼ਖਸੀਅਤਾਂ ਸ਼ਾਮਿਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV


SANT BEANT SINGH JI

BER KALAN WALE | UK TOUR 2024

SAT 2ND MARCH - SUN 3RD MARCH: SOUTHAMPTON

MON 4TH MARCH - SUN 10TH MARCH 7:40-8:20PM:
NANAKSAR THATH ISHER DARBAR, WOLVERHAMPTON, WV3 0JU

MON 11TH MARCH - TUES 12TH MARCH 7:30-8:00PM:
GURU HAR RAI GURDWARA, WEST BROMWICH, B70 6JW

WED 13TH MARCH - FRI 15TH MARCH 6:45-7:45PM:
DARBAR SRI GURU GRANTH SAHIB JI, WALSALL, WS2 9EQ

SAT 16TH MARCH 7:30-8:00PM:
GURU HAR RAI GURDWARA, WEST BROMWICH, B70 6JW

SUN 17TH MARCH 2:00-3:00PM:
GURU HAR RAI GURDWARA, WEST BROMWICH, B70 6JW

SUN 17TH MARCH 6:30-7:30PM:
GURDWARA GURU NANAK PARKASH, COVENTRY, CV1 4FB

MON 18TH - SUN 24TH MARCH
7:30-8:15AM | 10:00-11:00AM | 6:30-7:15PM:
BABA SANG GURDWARA, SMETHWICK, B66 1EE

MON 25TH - SUN 31ST MARCH: SOUTHALL

SANT BEANT SINGH | WHATSAPP: +918530000006




## ਜਾਂਦੀ ਹੋਈ ਠੰਡ ਨੂੰ ਹਲਕੇ ਵਿੱਚ ਨਾ ਲਿਆ ਜਾਵੇ : ਡਾ. ਤਾਜ ਮੱਤੇਵਾਲ



**ਚੌਕ ਮਹਿਤਾ, 12 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)**- ਜਾਂਦੀ ਹੋਈ ਠੰਡ ਨੂੰ ਹਲਕੇ ਵਿੱਚ ਨਾ ਜਾਵੇ। ਸਵੇਰੇ ਸ਼ਾਮ ਬਾਹਰ ਨਿਕਨਲ ਸਮੇ ਆਪਣੇ ਤਨ ਉੱਤੇ ਪੂਰੇ ਕਪੜੇ ਪਹਿਣਕੇ ਸਰੀਰ ਨੂੰ ਪੂਰਾ ਢੱਕੇ ਬਾਹਰ ਨਿਕਲਿਆ ਜਾਵੇ। ਇਹ ਵਿਚਾਰ ਇਲਾਕੇ ਨਾਮਵਰ ਡਾ, ਸਰਤਾਜ ਸਿੰਘ ਮੱਤੇਵਾਲ ਨੇ ਪੱਤਰਕਾਰਾ ਦੱਸਦਿਆਂ ਹੋਇਆਂ ਕਿਹਾ ਕਿ ਅੱਗੇ ਆਉਣ ਵਾਲਾ ਮੌਸਮ ਖਾਸ ਕਰਕੇ ਜਹਿਰੀਲੇ ਮੱਛਰਾਂ ਤੋਂ ਬੱਚਕੇ ਰਹਿਣ ਲਈ ਵੀ ਕਿਹਾ ਗਿਆ। ਘਰਾਂ ਦੇ ਆਲੇ ਦੁਆਲੇ ਗੰਦਾ ਪਾਣੀ ਨਾ ਖੜਉਣ ਦਿਉ, ਖਾਸ ਕਰਕੇ ਸਾਫ ਸਫਾਈ ਦਾ ਖਿਆਲ ਰੱਖਿਆ ਜਾਵੇ। ਖਾਣ ਪੀਣ ਲਈ ਦਾ ਖਿਆਲ ਰੱਖਿਆ ਜਾਵੇ ਕੋਈ ਵੀ ਤਕਲੀਫ਼ ਹੋਣ ਤੇ ਚੰਗੇ ਡਿਗਰੀ ਵਾਲੇ ਡਾਕਟਰ ਸਾਹਿਬ ਦੀ ਸਲਾਹ ਲਈ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV

## ਮੋਦੀ ਸਰਕਾਰ ਦਾ ਸੀ ਏ ਏ ਲਾਗੂ ਕਰਨਾ ਵਧੀਆਂ ਫੈਸਲਾ, ਵਿਰੋਧੀ ਵਿਰੋਧ ਕਰਕੇ ਦੇਸ ਦੇ ਲੋਕਾਂ ਨੂੰ ਗੁਮਰਾਹ ਨਾ ਕਰਨ

**ਸ੍ਰੀ ਅਨੰਦਪੁਰ ਸਾਹਿਬ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਕੇਂਦਰ ਦੀ ਭਾਜਪਾ ਮੋਦੀ ਸਰਕਾਰ ਨੇ ਆਂ ਰਹੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਦੇਸ ਵਿੱਚ ਕਈ ਵਿਰੋਧੀਆਂ ਦੇ ਵਿਰੋਧ ਕਰਨ ਦੇ ਬਾਵਜੂਦ ਸੀ ਏ ਏ ( ਭਾਰਤੀ ਨਾਗਰਿੱਕਤਾਂ ) ਸੋਧ ਬਿੱਲ ਲਾਗੂ ਕਰਕੇ ਵੱਡਾ ਸਟੋਕ ਮਾਰਕਾ ਮਾਰਿਆਂ ਹੈ ,ਇਸ ਬਿੱਲ ਦੇ ਲਾਗੂ ਹੋਣ ਨਾਲ ਪਾਕਿਸਤਾਨ,ਅਫਗਾਨਿਸਤਾਨ, ਬੰਗਲਾਦੇਸ ਤੇ ਹੋਰ ਦੇਸਾਂ ਦੇ ਗੈਰ ਮੁਸਲਿਮ ਘੱਟ ਗਿਣਤੀ ਦੇ ਲੋਕਾਂ ਨੂੰ ਭਾਰਤੀ ਨਾਗਰਿਕਤਾਂ ਦੇ ਦਿੱਤੀ ਜਾਵੇਗੀ, ਭਾਵੇ ਕਿ ਕੇਂਦਰ ਸਰਕਾਰ ਨੇ ਇਸ ਬਿੱਲ ਨੂੰ ਚਾਰ ਸਾਲ ਪਹਿਲਾ ਹੀ ਪਾਸ ਕਰ ਦਿੱਤਾ ਸੀ ਅਤੇ ਹੁਣ ਚੋਣਾਂ ਤੋਂ ਪਹਿਲਾ ਇਸ ਨੂੰ ਨੋਟੀਫਾਈ ਕਰ ਦਿੱਤਾਂ ਗਿਆਂ, ਦੇਸ ਦੇ ਕਈ ਸੂਬਿਆਂ ਵਿੱਚ ਇਸ ਦਾ ਵੱਡਾ ਵਿਰੋਧ ਵੀ ਕੀਤਾ ਜਾ ਰਿਹਾ ਹੈ ਅਤੇ ਮੋਦੀ ਸਰਕਾਰ ਨੇ ਵਿਰੋਧ ਕਾਰੀਆਂ ਨੂੰ ਰੋਕਣ ਲਈ ਵੱਡੀ ਪੱਧਰ ਤੇ ਸੁਰੱਖਿਆਂ ਬਲਾਂ ਨੂੰ ਤਾਇਨਾਤ ਕਰ ਦਿੱਤਾ ਹੈ,ਇਸ ਬਿੱਲ ਨੂੰ ਲਾਗੂ ਕਰਕੇ ਕੇਂਦਰ ਸਰਕਾਰ ਵੱਲੋਂ ਗੈਰ ਮੁਸਲਿਮ ਜੈਨੀ,ਬੋਧੀ,ਇਸਾਈ,ਹਿੰਦੂ, ਸਿੱਖ ਤੇ ਹੋਰਾਂ ਘੱਟ ਗਿਣਤੀ ਗੈਰ ਮੁਸਲਿਮਾਂ ਨੂੰ ਛੱਡ ਕੇ ਲੋਕਾਂ ਨੂੰ ਭਾਰਤੀ ਨਾਗਰਿਕਤਾਂ ਦੇ ਦਿੱਤੀ ਜਾਵੇਗੀ, ਇਸ ਬਿੱਲ ਦੇ ਲਾਗੂ ਹੋਣ ਨਾਲ ਹੋਰਨਾਂ ਦੇਸਾਂ ਦੇ ਗੈਰ ਮੁਸਲਿਮ ਉਪਰੋਕਤ ਘੱਟ ਗਿਣਤੀ ਦੇ ਹਿੰਦੂ,ਸਿੱਖ,ਈਸਾਈ,ਬੋਧੀ ਤੇ ਜੈਨੀ ਲੋਕ ਪੂਰੀ ਤਰਾਂ ਬਾਗੋਬਾਗ ਹੋ ਚੁੱਕੇ ਹਨ ਤੇ ਭਾਰਤ ਵਿੱਚ ਵੱਸਦੇ ਘੱਟ ਗਿਣਤੀ ਲੋਕ ਸਰਕਾਰ ਦੀ ਸਲਾਘਾ ਕਰ ਰਹੇ ਹਨ, ਭਾਵੇਂ ਕਿ ਮੁੱਖ ਵਿਰੋਧੀ ਧਿਰ ਕਾਂਗਰਸ ਤੇ ਪੰਜਾਬ ਦੇ ਕਾਗਰਸ ਆਗੂ ਸੁਖਵਿੰਦਰ ਸਿੰਘ ਰੰਧਾਵਾ ਤੇ ਹੋਰ ਮਸਲਿਸ ਆਗੂਆਂ ਵੱਲੋਂ ਇਸ ਦਾ ਵੱਡੀ ਪੱਧਰ ਤੇ ਵਿਰੋਧ ਕਰਕੇ ਇਸ ਨੂੰ ਦੇਸ ਵਿਰੋਧੀ ਦੱਸਿਆਂ ਜਾ ਰਿਹਾ ਹੈ ਅਤੇ ਇਹ ਦੋਸ ਲਾ ਲਾਏ ਜਾ ਰਹੇ ਹਨ ਕਿ ਮੋਦੀ ਸਰਕਾਰ ਦੱਸ ਸਾਲ ਤੋਂ ਰਾਜ ਕਰ ਰਹੀ ਹੈ ਤੇ ਹੁਣ ਐਨ ਲੋਕ ਸਭਾ ਚੋਣਾਂ ਤੋਂ ਪਹਿਲਾ ਇਸ ਕਾਨੂੰਨ ਨੂੰ ਲਾਗੂ ਕਰਕੇ ਰਾਜਸੀ ਲਾਭ ਪਰਾਪਤ ਕਰਨ ਦੇ ਨਾਲ ਨਾਲ ਲੋਕਾਂ ਨੂੰ ਵੰਡ ਰਹੀ ਹੈ ਜੋ ਦੇਸ ਅਤੇ ਦੇਸ ਦੇ ਲੋਕਾਂ ਦੇ ਹੱਕ ਵਿੱਚ ਨਹੀਂ,ਭਾਵੇ ਕਿ ਇਸ ਬਿੱਲ ਨੂੰ ਸਰਕਾਰ ਨੇ ਚਾਰ ਸਾਲ ਪਹਿਲਾਂ ਹੀ ਵਿਰੋਧੀਆਂ ਦੇ ਵਿਰੋਧ ਕਰਨ ਦੇ ਬਾਵਜੂਦ ਪਾਸ ਕਰ ਦਿੱਤਾ ਗਿਆਂ ਸੀ ਤੇ ਹੁਣ ਨੋਟੀਫਾਈ ਕਰ ਦਿੱਤਾ ਗਿਆ।

# ਖਾਲਸਾ ਪ੍ਰੀਮੀਅਮ ਸਕੂਲ ਦਾ ਉਦਘਾਟਨ ਸਮਾਰੋਹ ਸੰਪੰਨ

# ਸੈਸ਼ਨ 2024-25 ਲਈ ਦਾਖ਼ਲੇ ਆਰੰਭ

















ਆਵਾਜ਼ਿ ਕੌਮ
AWAZE QAUM
International Newspaper & WEB TV







ਦਮਦਮੀ ਟਕਸਾਲ ਦੇ 16ਵੇਂ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਹਾਈਟੈੱਕ ਪ੍ਰੀਮੀਅਮ ਸਕੂਲ ਦਾ ਸ਼ੁਭ ਉਦਘਾਟਨ । ਖਾਲਸਾ ਅਕੈਡਮੀ CBSE, AC ਹੋਸਟਲ ਦਾ ਖਾਸ ਪ੍ਰਬੰਧ ,ਖਾਲਸਾ ਕਾਲਜੀਏਟ ਸਕੂਲ 9th,10th,11th,12th PSEB ਵਿਚ , ਸੈਸ਼ਨ 2024-25 ਲਈ ਨਵੇਂ ਦਾਖਲੇ ਹੋਏ ਆਰੰਭ । ਦੁਨੀਆਵੀ ਅਤੇ ਧਾਰਮਿਕ ਵਿਦਿਆ ਵਾਸਤੇ ਵੱਧ ਤੋਂ ਵੱਧ ਬੱਚਿਆਂ ਨੂੰ ਦਾਖਲ ਕਰਵਾਉਣ ਵਾਸਤੇ ਬੇਨਤੀ ਕੀਤੀ ਜਾਂਦੀ ਹੈ।

ਸੰਪਰਕ : 9781200611, 7087664300, 9501751919, 9915585685



### ਗੁਰਦੁਆਰਾ ਦਾਦੂ ਸਾਹਿਬ ਦੇ ਦਰਸ਼ਨਾਂ ਲਈ

# ਅਮਰੀਕਾ ਇੰਗਲੈਂਡ ਤੋਂ ਪੁੱਜਾ ਸਿੱਖ ਸੰਗਤਾਂ ਦਾ ਵੱਡਾ ਜੱਥਾ



**ਤਲਵੰਡੀ ਸਾਬੋ/ਕਾਲਾਂਵਾਲੀ 12 ਮਾਰਚ (ਗੁਰਜੰਟ ਸਿੰਘ ਨਥੇਹਾ)-** ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਬਲਜੀਤ ਸਿੰਘ ਜੀ ਮੈਂਬਰ ਅਤੇ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਚੇਅਰਮੈਨ ਸੁੱਖ ਸੇਵਾ ਸਿਮਰਨ ਟਰਸੱਟ,ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ ਦੇ ਨਿਵਾਸ ਅਸਥਾਨ ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਵਿਖੇ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਅਮਰੀਕਾ ਤੇ ਇੰਗਲੈਂਡ ਦੀਆਂ ਸਿੱਖ ਸੰਗਤਾਂ ਦਾ 50 ਮੈਂਬਰੀ ਇੱਕ ਵੱਡਾ ਜੱਥਾ ਪੰਜ ਤਖ਼ਤਾਂ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਉਪਰੰਤ ਦਰਸ਼ਨਾਂ ਲਈ ਪੁੱਜਾ ਅਸਥਾਨ ਦੇ ਮੁੱਖ ਸੇਵਾਦਾਰ ਜਥੇਦਾਰ ਦਾਦੂਵਾਲ ਜੀ ਵੱਲੋਂ ਜੱਥੇ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਸੰਗਤਾਂ ਦੀ ਆਮਦ ਤੇ ਖਾਲਸਾ ਪੰਥ ਦੀ ਚੜ੍ਹਦੀਕਲਾ ਨੂੰ ਸਮਰਪਿਤ ਅਰਦਾਸ ਸਮਾਗਮ ਕੀਤਾ ਗਿਆ ਜਿਸ ਵਿੱਚ ਗੁਰਬਾਣੀ ਪਾਠਾਂ ਦੇ ਭੋਗ ਉਪਰੰਤ ਭਾਈ ਗੁਰਸੇਵਕ ਸਿੰਘ ਰੰਗੀਲਾ ਭਾਈ ਸੁਖਪਾਲ ਸਿੰਘ ਭਾਈ ਕੁਲਬੀਰ ਸਿੰਘ ਭਾਗੀ ਹਜ਼ੂਰੀ ਰਾਗੀ ਜੱਥਾ ਦਾਦੂ ਸਾਹਿਬ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ ਅਰਦਾਸ ਸਮਾਗਮ ਵਿੱਚ ਜਥੇਦਾਰ ਦਾਦੂਵਾਲ ਜੀ,ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ,ਸੰਤ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਆਗੂ ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ,ਗਿਆਨੀ ਰਾਜਪਾਲ ਸਿੰਘ ਬੋਪਾਰਾਏ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਸਿੰਘ ਸਾਹਿਬ ਭਾਈ ਰੋਡੇ ਵੱਲੋਂ ਜਥੇਦਾਰ ਦਾਦੂਵਾਲ ਜੀ ਵੱਲੋਂ ਕੀਤੇ ਜਾ ਰਹੇ ਧਰਮ ਪ੍ਰਚਾਰ ਪ੍ਰਸਾਰ ਦੀ ਸਲਾਘਾ ਕੀਤੀ ਅਤੇ ਅਮਰੀਕਾ ਇੰਗਲੈਂਡ ਤੋਂ ਪੁੱਜੇ ਸਿੱਖ ਸੰਗਤਾਂ ਦੇ ਜੱਥੇ ਬਾਰੇ ਚਾਨਣਾ ਪਾਇਆ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਦੇ ਆਗੂ ਭਾਈ ਰਘਬੀਰ ਸਿੰਘ ਮਾਲੜੀ ਨੋਟਿੰਗਮ ਯੂਕੇ,ਭਾਈ ਬਲਜੀਤ ਸਿੰਘ ਕੰਗ ਸਾਊਥਹੈਂਪਟਨ ਯੂਕੇ,ਭਾਈ ਗੁਰਪ੍ਰੀਤ ਸਿੰਘ ਯੂਐਸਏ,ਬੀਬੀ ਨਿਰੰਜਨ ਕੌਰ ਯੂਕੇ,ਬੀਬੀ ਪਰਮਜੀਤ ਕੌਰ ਯੂਕੇ,ਬੀਬੀ ਜਸਵਿੰਦਰ ਕੌਰ ਯੂਕੇ ਵੱਲੋਂ ਸੰਗਤਾਂ ਦੇ ਜੱਥੇ ਦੀ ਅਗਵਾਈ ਕੀਤੀ ਜਾ ਰਹੀ ਸੀ ਭਾਈ ਸੁਰਜੀਤ ਸਿੰਘ ਨਿੱਝਰ ਯੂਐਸਏ,ਬੀਬੀ ਹਰਪ੍ਰੀਤ ਕੌਰ ਜਰਮਨੀ,ਬੀਬੀ ਕੁਲਬੀਰ ਕੌਰ ਨਿੱਝਰਾਂ,ਬਾਬਾ ਜੀਵਨ ਸਿੰਘ ਚੁਨਾਗਰਾ,ਬਾਬਾ ਕਰਤਾਰ ਸਿੰਘ ਤਿਲੋਕੇਵਾਲਾ,ਭਾਈ ਅਰਵਿੰਦਰ ਸਿੰਘ ਸੋਢੀ ਸਰਦੂਲਗੜ੍ਹ,ਭਾਈ ਅਵਤਾਰ ਸਿੰਘ ਚਾਂਦਪੁਰਾ,ਭਾਈ ਜਗਤਾਰ ਸਿੰਘ ਗਿਆਨਾ,ਵੈਦ ਪਰਮਿੰਦਰ ਸਿੰਘ ਬਰੜ੍ਹਵਾਲ,ਭਾਈ ਰਤਨ ਸਿੰਘ ਸਲਾਹਪੁਰ ਸਮੇਤ ਪਿੰਡ ਦਾਦੂ ਸਾਹਿਬ ਅਤੇ ਇਲਾਕੇ ਦੀਆਂ ਸਿੱਖ ਸੰਗਤਾਂ ਵੀ ਵੱਡੀ ਗਿਣਤੀ ਵਿੱਚ ਇਸ ਸਮੇਂ ਹਾਜ਼ਰ ਸਨ ਸਮਾਗਮ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ਅਤੇ ਜਥੇਦਾਰ ਦਾਦੂਵਾਲ ਜੀ ਵੱਲੋਂ ਆਈਆਂ ਸਿੱਖ ਸ਼ਖਸ਼ੀਅਤਾਂ ਅਤੇ ਵਿਦੇਸ਼ੀ ਜੱਥੇ ਦੇ ਸਮੂੰਹ ਮੈਂਬਰਾਂ ਦਾ ਸਿਰਪਾਓ ਭੇਂਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ

**ਜਥੇਦਾਰ ਦਾਦੂਵਾਲ ਜੀ ਨੇ ਕੀਤਾ ਸੰਗਤਾਂ ਦਾ ਸਵਾਗਤ**

ਆਵਾਜ਼ਿ ਕੌਮ AWAZE QAUM International Newspaper & WEB TV

### ਅੰਮ੍ਰਿਤਸਰ ਦੇ ਵਿਕਾਸ ਵਿੱਚ ਭਾਰਤ- ਅਮਰੀਕਾ ਭਾਈਵਾਲੀ ਸਬੰਧਾਂ ਦੀ ਵਰਤੋਂ ਕਰਨਾ ਚਾਹੁੰਦਾ ਹਾਂ: ਤਰਨਜੀਤ ਸਿੰਘ ਸੰਧੂ

# ਭਾਰਤ ਨਾਲ ਅਮਰੀਕਾ ਦੇ ਰਿਸ਼ਤੇ ਸਭ ਤੋਂ ਅਹਿਮ : ਸੰਧੂ



**ਅੰਮ੍ਰਿਤਸਰ, 12 ਮਾਰਚ (ਆਵਾਜ਼ਿ ਕੌਮ ਬਿਊਰੋ)-** ਅਮਰੀਕਾ ਵਿੱਚ ਰਾਜਦੂਤ ਰਹੇ ਸਰਦਾਰ ਤਰਨਜੀਤ ਸਿੰਘ ਸੰਧੂ ਅੰਮ੍ਰਿਤਸਰ ਦੇ ਵਿਕਾਸ ਵਿੱਚ ਸਾਂਝੇਦਾਰੀ ਲਈ ਅਮਰੀਕਾ ਨਾਲ ਸਬੰਧਾਂ ਦੀ ਵਰਤੋਂ ਕਰਨਾ ਚਾਹੁੰਦਾ ਹੈ। ਉਹ ਸੇਵਾ ਮੁਕਤੀ ਤੋਂ ਤੁਰੰਤ ਬਾਅਦ ਵਰਤਮਾਨ ਵਿੱਚ ਆਪਣੇ ਗ੍ਰਹਿ ਖੇਤਰ ਅੰਮ੍ਰਿਤਸਰ ਵਿੱਚ ਪਿਛਲੇ ਇੱਕ ਮਹੀਨੇ ਤੋਂ ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਮਿਲ ਕੇ ਉਹਨਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਉਨ੍ਹਾਂ ਨੂੰ ਆਪਣੇ ਵਪਾਰ, ਸ਼ਿਲਪਕਾਰੀ, ਹੁਨਰ ਅਤੇ ਉਤਪਾਦਨ ਨੂੰ ਵਧਾਉਣ ਲਈ ਪ੍ਰੇਰਿਤ ਕਰ ਰਿਹਾ ਹੈ। ਪ੍ਰੋ. ਸਰਚਾਂਦ ਸਿੰਘ ਨੇ ਦੱਸਿਆ ਕਿ ਰਾਜਦੂਤ ਸੰਧੂ ਭਾਵੇਂ ਕਿ ਮੁੱਖ ਧਾਰਾ ਦੀ ਰਾਜਨੀਤੀ ਵਿੱਚ ਸ਼ਾਮਲ ਹੋਣ ਬਾਰੇ ਖੁੱਲ ਕੇ ਪ੍ਰਗਟਾਵਾ ਕਰਨ ਤੋਂ ਗੁਰਜ ਕਰਦੇ ਹਨ, ਪਰ ਭਾਜਪਾ ਵੱਲੋਂ ਅੰਮ੍ਰਿਤਸਰ ਲੋਕ ਸਭਾ ਲਈ ਸਭ ਤੋਂ ਮਜ਼ਬੂਤ ਅਤੇ ਸੰਭਾਵੀ ਉਮੀਦਵਾਰ ਹਨ। ਉਨ੍ਹਾਂ ਅੱਜ ਇਕ ਅੰਗਰੇਜ਼ੀ ਅਖ਼ਬਾਰ ਨਾਲ ਨਾਲ ਗੱਲਬਾਤ ਦੌਰਾਨ ਭਾਰਤ-ਅਮਰੀਕਾ ਸਬੰਧਾਂ ਅਤੇ ਅੰਮ੍ਰਿਤਸਰ ਵਿੱਚ ਜੋ ਬਦਲਾਅ ਲਿਆਉਣਾ ਚਾਹੁੰਦੇ ਹਨ ਬਾਰੇ ਗੱਲ ਕੀਤੀ। ਉਨ੍ਹਾਂ ਬਿਡੇਨ ਪ੍ਰਸ਼ਾਸਨ ਦੇ ਅਧੀਨ ਭਾਰਤ-ਅਮਰੀਕਾ ਸਬੰਧ ਨੂੰ ਸਭ ਤੋਂ ਉੱਚੇ ਪੱਧਰ ’ਤੇ ਹੋਣ ਅਤੇ ਇਸ ਦਾ ਸਾਰਾ ਸਿਹਰਾ ਦੋ ਨੇਤਾਵਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਤੋਂ ਇਲਾਵਾ ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸਮੇਤ ਉਨ੍ਹਾਂ ਦੀਆਂ ਟੀਮਾਂ ਨੂੰ ਦਿੱਤਾ। ਜਿਸ ਦਾ ਉਹ ਵੀ ਹਿੱਸਾ ਸੀ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਬਿਡੇਨ ਆਨ ਰਿਕਾਰਡ ਕਹਿ ਚੁੱਕੇ ਹਨ ਕਿ ਭਾਰਤ ਨਾਲ ਅਮਰੀਕਾ ਦੇ ਸਬੰਧ ਸਭ ਤੋਂ ਮਹੱਤਵਪੂਰਨ ਹਨ। ਰਾਜਦੂਤ ਸੰਧੂ ਨੇ ਕਿਹਾ ਕਿ ਇਹ ਅਮਰੀਕਾ ਦੇ ਨਾਲ-ਨਾਲ ਭਾਰਤ ਲਈ ਵੀ ਚੋਣ ਸਾਲ ਹੈ। ਜੇਕਰ ਅਮਰੀਕਾ ’ਚ ਲੀਡਰਸ਼ਿਪ ਦੀ ਤਬਦੀਲੀ ਹੁੰਦੀ ਹੈ ਤਾਂ ਵੀ ਇਸ ਦਾ ਮੌਜੂਦਾ ਸਬੰਧਾਂ ’ਤੇ ਕੋਈ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਰਿਪਬਲਿਕਨ ਅਤੇ ਡੈਮੋਕਰੈਟਿਕ ਦੇ ਸਮਰਥਨ ਨਾਲ ਅਮਰੀਕਾ ਨਾਲ ਭਾਰਤ ਦੇ ਸਬੰਧ ਦੋ-ਪੱਖੀ ਹੋ ਗਏ ਹਨ। ਇਹ ਬਿਡੇਨ ਅਤੇ ਟਰੰਪ ਦੀ ਭਾਰਤ ਤੱਕ ਪਹੁੰਚ ਦੋਵਾਂ ਤੋਂ ਝਲਕਦਾ ਹੈ। ਸਾਂਝੇਦਾਰੀ ਹਮੇਸ਼ਾ ਲਾਭਕਾਰੀ ਰਹੇਗੀ ਅਤੇ ਅਮਰੀਕਾ ਦਾ ਧਿਆਨ ਭਾਰਤ ’ਤੇ ਰਹੇਗਾ। ਰਾਜਦੂਤ ਬਣਨ ਤੋਂ ਬਾਅਦ ਭਾਰਤ-ਅਮਰੀਕਾ ਸਬੰਧਾਂ ਵਿੱਚ ਸਭ ਤੋਂ ਮਹੱਤਵਪੂਰਨ ਤਬਦੀਲੀ ਬਾਰੇ ਪੁੱਛੇ ਜਾਣ ’ਤੇ ਰਾਜਦੂਤ ਸੰਧੂ ਨੇ ਕਿਹਾ ਕਿ ਭਾਰਤ ਤੇ ਅਮਰੀਕਾ ਨੇ ਇਕ ਦੂਜੇ ਪ੍ਰਤੀ ਵਿਸ਼ਵਾਸ ਅਤੇ ਭਰੋਸੇ ਨੂੰ ਬੁਨਿਆਦ ਬਣਾ ਲਿਆ ਲਿਆ, ਜੋ ਪਹਿਲਾਂ ਸੰਬੰਧ ਸੀ ਉਹ ਹੁਣ ਸਾਂਝੇਦਾਰੀ ਜਾਂ ਭਾਈਵਾਲੀ ਵਿੱਚ ਬਦਲ ਚੁਕਾ ਹੈ। ਪਿਛਲੇ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਤੋਂ ਇਹ ਪ੍ਰਭਾਵ ਮਿਲ ਜਾਂਦਾ ਹੈ। ਇਹ ਸਿਰਫ਼ ਰਸਮੀ ਪਹਿਲੂ ਨਹੀਂ ਸੀ। ਕਿਉਂਕਿ ਰਾਸ਼ਟਰਪਤੀ ਬਿਡੇਨ ਨੇ ਤਿੰਨਾਂ ਦਿਨਾਂ ਤੱਕ ਵਾਈਟ ਹਾਊਸ ਵਿੱਚ ਮੋਦੀ ਦਾ ਸੁਆਗਤ ਕੀਤਾ। ਦੂਜਾ, ਸੰਬੰਧ ਭਾਈਵਾਲੀ ਵਿੱਚ ਬਦਲ ਜਾਣ ਨਾਲ ਇਸ ਦਾ ਇੱਕ ਮਹੱਤਵਪੂਰਨ ਹਿੱਸਾ ਵੱਖ-ਵੱਖ ਖੇਤਰਾਂ ਜਿਸ ਵਿੱਚ ਆਈ.ਟੀ., ਸਿਹਤ, ਸਿੱਖਿਆ, ਡਿਜੀਟਲ, ਟੈਕਨੌਲੋਜੀ ਹੁਨਰਾਂ ਤੋਂ ਇਲਾਵਾ ਕ੍ਰਿਟੀਕਲ ਅਤੇ ਇਮੇਜਿੰਗ ਤਕਨਾਲੋਜੀ (935“) ’ਤੇ ਪਹਿਲਕਦਮੀਆਂ ਤਕਨਾਲੋਜੀ ਦੇ ਵਿਕਾਸਸ਼ੀਲ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦੁਆਰਾ ਸਥਾਪਤ ਇੱਕ ਸਹਿਯੋਗੀ ਢਾਂਚਾ ਬਣਿਆ। ਇਸ ਤੋਂ ਇਲਾਵਾ ਗੂਗਲ, ਮਾਈਕ੍ਰੋਸਾਫਟ, ਐਪਲ, ਆਈਬੀਐਮ ਨੇ ਭਾਰਤ ਵਿੱਚ ਨਿਵੇਸ਼ ਦਾ ਐਲਾਨ ਕੀਤਾ ਹੈ। ਸੀਐਨਐਨ ਦੀ ਰਿਪੋਰਟ ਦੇ ਹਵਾਲੇ ਨਾਲ ਯੂਕਰੇਨ ਉੱਤੇ ਕਥਿਤ ਪ੍ਰਮਾਣੂ ਹਮਲੇ ਬਾਰੇ ਰੂਸ ਦੇ ਰੁਖ ਨੂੰ ਨਰਮ ਕਰਨ ਦਾ ਸਿਹਰਾ ਮੋਦੀ ਨੂੰ ਦਿੱਤੇ ਜਾਣ ਬਾਰੇ ਵਾਲ ’ਤੇ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਬਿਡੇਨ ਨੇ ਅੰਤਰਰਾਸ਼ਟਰੀ ਮੁੱਦਿਆਂ ਨੂੰ ਸੁਰੱਖਿਅਤ ਕਰਨ ’ਤੇ ਕੰਮ ਕੀਤਾ ਹੈ, ਜਿਸ ਬਾਰੇ ਦਸਤਾਵੇਜ਼ ਮੌਜੂਦ ਹਨ। ਇਹ ਸਭ ਤੋਂ ਪਹਿਲਾਂ ਸੀਆਈਏ ਦੇ ਡਾਇਰੈਕਟਰ ਬਿਲ ਬਰਨਜ਼ ਨੇ 2022 ਵਿੱਚ ਕਿਹਾ ਸੀ। ਭਾਰਤ ਵਾਪਸ ਆ ਕੇ ਇੱਕ ਮਹੀਨੇ ਤੋਂ ਅੰਮ੍ਰਿਤਸਰ ਵਿੱਚ ਰਹਿ ਰਹੇ ਹਨ। ਕੀ ਇਸ ਨੂੰ ਮੁੱਖ ਧਾਰਾ ਦੀ ਰਾਜਨੀਤੀ ਵਿੱਚ ਤੁਹਾਡੀ ਐਂਟਰੀ ਵਜੋਂ ਦੇਖਿਆ ਜਾ ਸਕਦਾ ਹੈ ’ਤੇ ਸਰਦਾਰ ਸੰਧੂ ਨੇ ਕਿਹਾ ਕਿ ਅੰਮ੍ਰਿਤਸਰ ਉ ਦਾ ਘਰ- ਹੋਮ ਗਰਾਊਂਡ ਹੈ। ਮੇਰਾ ਸ਼ਹਿਰ ਨਾਲ ਡੂੰਘਾ ਸਬੰਧ ਹੈ ਅਤੇ ਮੈਂ ਅਮਰੀਕਾ ਨਾਲ ਭਾਰਤ ਦੇ ਸਹਿਯੋਗ ਦਾ ਫ਼ਾਇਦਾ ਅੰਮ੍ਰਿਤਸਰ ਨੂੰ ਪਹੁੰਚਾਉਣਾ ਚਾਹੁੰਦਾ ਹਾਂ। ਮੈਂ ਸ਼ਹਿਰ ਦੇ ਵਿਕਾਸ ’ਚ ਬਣਦਾ ਯੋਗਦਾਨ ਪਾਉਣਾ ਚਾਹਾਂਗਾ। ਮੈਂ ਇੱਥੇ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਅਮਰੀਕਾ ਵਿੱਚ ਬਹੁ-ਰਾਸ਼ਟਰੀ ਕੰਪਨੀਆਂ ਨਾਲ ਸਹਿਯੋਗ ਕਰਨ ਦੀਆਂ ਬੇਸ਼ੁਮਾਰ ਸੰਭਾਵਨਾਵਾਂ ਬਾਰੇ ਹਰ ਕਿਸੇ ਨੂੰ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇ ਨੌਜਵਾਨ ਹਰ ਤਰਾਂ ਸਮਰੱਥਾਵਾਨ ਹਨ ਅਤੇ ਮੈਂ ਉਨ੍ਹਾਂ ਨੂੰ ਆਪਣੀ ਆਮਦਨ ਵਧਾਉਣ ਲਈ ਛੋਟੇ ਘੇਰੇ ਤੋਂ ਬਾਹਰ ਸੋਚਣ ਦੀ ਸਹੂਲਤ ਦੇਣਾ ਚਾਹਾਂਗਾ। ਉਦਾਹਰਨ ਵਜੋਂ, ਜੇਕਰ ਉਨ੍ਹਾਂ ਨੇ ਕਿੰਨੂ ਵਰਗੇ ਫਲ਼ਾਂ ਨੂੰ ਯੂਰਪ ਜਾਂ ਪੱਛਮੀ ਏਸ਼ੀਆ ਵਿੱਚ ਨਿਰਯਾਤ ਕੀਤਾ ਹੁੰਦਾ, ਤਾਂ ਉਨ੍ਹਾਂ ਨੂੰ 15 ਗੁਣਾ ਵੱਧ ਕਮਾਈ ਹੁੰਦੀ। ਇਸ ਤੋਂ ਇਲਾਵਾ, ਇਹ ਬਹੁਤ ਸਾਰੇ ਨੌਜਵਾਨਾਂ ਨੂੰ ਗੈਰ ਕਾਨੂੰਨੀ ਰੂਟਾਂ ਰਾਹੀਂ ਪੱਛਮ ਵੱਲ ਜਾਣ ਬਾਰੇ ਵਿਚਾਰ ਕਰਨ ਤੋਂ ਰੋਕੇਗਾ। ਇਸ ਤੋਂ ਇਲਾਵਾ, ਨਿਰਯਾਤ ਵਿੱਚ ਅਜਿਹੇ ਯਤਨਾਂ ਨਾਲ, ਐਮਐਸਪੀ ਦਾ ਮੁੱਦਾ ਅਪ੍ਰਸੰਗਿਕ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਮੈਂ ਅਮਰੀਕਾ ਨਾਲ ਆਪਣੇ ਸਬੰਧਾਂ ਨੂੰ ਅੰਮ੍ਰਿਤਸਰ ਵਿੱਚ ਭਾਈਵਾਲੀ ਲਈ ਵਰਤਣਾ ਚਾਹੁੰਦਾ ਹਾਂ। ਹਰ ਰੋਜ਼ ਇੱਕ ਲੱਖ ਤੋਂ ਵੱਧ ਸੈਲਾਨੀ ਮੁੱਖ ਤੌਰ ’ਤੇ ਹਰਿਮੰਦਰ ਸਾਹਿਬ ਤੇ ਦੁਰਗਿਆਣਾ ਮੰਦਰ ਦੇ ਦਰਸ਼ਨਾਂ, ਜੱਲਿਆਂਵਾਲਾ ਬਾਗ. ਅਤੇ ਅਟਾਰੀ ਵਿਖੇ ਰੀਟਰੀਟ ਦੇਖਣ ਲਈ ਅੰਮ੍ਰਿਤਸਰ ਆਉਂਦੇ ਹਨ। ਪਰ ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਰਾਮ ਤੀਰਥ ਨਾਮ ਦਾ ਇੱਕ ਸਥਾਨ ਹੈ ਜਿੱਥੇ ਲਵ ਅਤੇ ਕੁਸ਼ (ਰਾਮ ਅਤੇ ਸੀਤਾ ਦੇ ਪੁੱਤਰਾਂ) ਨੇ ਜਨਮ ਲਿਆ ਸੀ। ਇਹ ਸਥਾਨ ਟੂਰਿਸਟ ਮੈਪ ’ਤੇ ਵੀ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਫੁਲਕਾਰੀਆਂ ਤੋਂ ਲੈ ਕੇ ਪੰਜਾਬੀ ਜੁੱਤੀਆਂ ਤੱਕ ਵਾਲਮਾਰਟ ਵਰਗੇ ਸਟੋਰਾਂ ਤੋਂ ਪੰਜਾਬ ਦੀਆਂ ਦਸਤਕਾਰੀ ਵਸਤਾਂ ਦਾ ਪ੍ਰਚਾਰ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਜਿਸ ਨਾਲ ਨਿਰਮਾਤਾਵਾਂ ਨੂੰ ਭਾਰੀ ਮੁਨਾਫ਼ਾ ਮਿਲ ਸਕੇਗਾ।

**ਵਾਲਮਾਰਟ ਵਰਗੇ ਸਟੋਰਾਂ ਤੋਂ ਪੰਜਾਬ ਦੀਆਂ ਦਸਤਕਾਰੀ ਵਸਤਾਂ ਦਾ ਪ੍ਰਚਾਰ ਆਸਾਨੀ ਨਾਲ ਕੀਤਾ ਜਾ ਸਕਦਾ ਹੈ**

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ “ਤੰਦਰੁਸਤ ਪਿੰਡ ਪ੍ਰੋਗਰਾਮ” ਤਹਿਤ ਪਿੰਡ ਜਗਾ ਰਾਮ ਤੀਰਥ ਵਿਖੇ “ਸਿਹਤ ਜਾਗਰੂਕਤਾ ਕੈਂਪ” ਆਯੋਜਿਤ





**ਤਲਵੰਡੀ ਸਾਬੋ, 12 ਮਾਰਚ (ਗੁਰਜੰਟ ਸਿੰਘ ਨਥੇਹਾ)-**ਗੁਰੂ ਕਾਸ਼ੀ ਯੂਨੀਵਰਸਿਟੀ ਦੇ ਐਨ.ਐਸ.ਐਸ. ਵਿਭਾਗ ਤੇ ਰੈੱਡ ਰਿਬਨ ਕਲੱਬਾਂ ਵੱਲੋਂ ਫੈਕਲਟੀ ਆਫ਼ ਫ਼ਿਜ਼ੀਓਥੈਰੇਪੀ ਅਤੇ ਫੈਕਲਟੀ ਆਫ਼ ਫਾਰਮੈਸੀ ਵੱਲੋਂ ਪਿੰਡ ਵਾਸੀਆਂ ਨੂੰ ਤੰਦਰੁਸਤ ਰਹਿਣ ਅਤੇ ਸਿਹਤ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਉਪ ਕੁਲਪਤੀ ਪ੍ਰੋ.(ਡਾ.)ਐਸ.ਕੇ.ਬਾਵਾ ਦੀ ਰਹਿਨੁਮਾਈ ਹੇਠ ਚਲਾਏ ਜਾ ਰਹੇ “ਤੰਦਰੁਸਤ ਪਿੰਡ ਪ੍ਰੋਗਰਾਮ” ਤਹਿਤ ਪਿੰਡ ਜਗਾ ਰਾਮ ਤੀਰਥ ਦੇ ਗੁਰੂਦੁਆਰਾ ਸ਼੍ਰੀ ਖੰਭ ਸਾਹਿਬ ਵਿਖੇ “ਸਿਹਤ ਜਾਗਰੂਕਤਾ ਤੇ ਚੈਕਅੱਪ ਕੈਂਪ” ਡਾਇਰੈਕਟਰ ਵਿਦਿਆਰਥੀ ਭਲਾਈ ਸ.ਸਰਦੂਲ ਸਿੰਘ ਸਿੱਧੂ ਦੀ ਦੇਖ ਰੇਖ ਹੇਠ ਲਗਾਇਆ ਗਿਆ। ਜਿਸ ਵਿੱਚ ਡਾ. ਹਰਜਿੰਦਰ ਸਿੰਘ ਵੱਲੋਂ ਫਿਜ਼ੀਓਥੈਰੇਪੀ ਅਤੇ ਫਾਰਮੈਸੀ ਦੇ 30 ਵਿਦਿਆਰਥੀਆਂ ਦੇ ਸਹਿਯੋਗ ਨਾਲ ਲਗਭਗ 100 ਪਿੰਡ ਵਾਸੀਆਂ ਦਾ ਸਿਹਤ ਚੈਕਅੱਪ ਕੀਤਾ ਗਿਆ ਅਤੇ ਉਨ੍ਹਾਂ ਨਾਲ ਤੰਦਰੁਸਤ ਰਹਿਣ ਦੇ ਨੁਕਤੇ ਸਾਂਝੇ ਕੀਤੇ ਗਏ। ਕੈਂਪ ਬਾਰੇ ਜਾਣਕਾਰੀ ਦਿੰਦਿਆਂ ਸ. ਸਿੱਧੂ ਨੇ ਦੱਸਿਆ ਕਿ ਕੈਂਪ ਵਿੱਚ ਫ਼ਿਜ਼ੀਓਥੈਰੇਪੀ ਦੇ ਵਿਦਿਆਰਥੀਆਂ ਵੱਲੋਂ ਪਿੰਡ ਵਾਸੀਆਂ ਨੂੰ ਗੋਡੇ, ਮੋਢੇ ਤੇ ਜੋੜਾਂ ਦੇ ਦਰਦ ਤੋਂ ਬਚਣ ਲਈ ਅਪਣਾਈਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਪੌਸ਼ਟਿਕ ਖੁਰਾਕ ਬਾਰੇ ਵਿਚਾਰ ਸਾਂਝੇ ਕੀਤੇ ਗਏ। ਉਨ੍ਹਾਂ ਕਿਹਾ ਕਿ ਜਾਗਰੂਕਤਾ ਕੈਂਪ ਦੀ ਪਿੰਡ ਵਾਸੀਆਂ ਨੇ ਖ਼ੂਬ ਸ਼ਲਾਘਾ ਕੀਤੀ ਜਿਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਐਨ.ਐਸ.ਐਸ. ਵਿਭਾਗ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਹੋਰ ਕੈਂਪ ਆਯੋਜਿਤ ਕਰਨ ਦੀ ਯੋਜਨਾ ਹੈ। ਇਸ ਮੌਕੇ ਐਨ.ਐਸ.ਐਸ. ਕੁਆਰਡੀਨੇਟਰ ਡਾ. ਜਸਵਿੰਦਰ ਸਿੰਘ ਤੇ ਪ੍ਰੋਗਰਾਮ ਅਫ਼ਸਰ ਮੁਹੰਮਦ ਇਰਸ਼ਾਦ ਵੱਲੋਂ ਪਿੰਡ ਦੀ ਪੰਚਾਇਤ ਅਤੇ ਪਿੰਡ ਵਾਸੀਆਂ ਨੂੰ ਸਹਿਯੋਗ ਲਈ ਧੰਨਵਾਦੀ ਸ਼ਬਦ ਕਹੇ।

ਆਵਾਜ਼ਿ ਕੌਮ AWAZE QAUM International Newspaper & WEB TV

# ਧੂਮ ਧਾਮ ਨਾਲ ਮਨਾਇਆ ਸ਼ਿਵਰਾਤਰੀ ਦਾ ਤਿਉਹਾਰ



**ਅੰਮ੍ਰਿਤਸਰ, 12 ਮਾਰਚ (ਸੁਖਵੰਤ ਸਿੰਘ ਚੰਨਣਕੇ )-**ਹਲਕਾ ਦੱਖਣੀ ਦੇ ਵਾਰਡ ਨੰਬਰ 44 ਗੰਢਾ ਸਿੰਘ ਕਲੋਨੀ ਗਲੀ ਨੰਬਰ 6 ਇੱਛਾ ਪੂਰਤੀ ਸ਼ਿਵ ਮੰਦਿਰ ਵਿਖੇ ਸ਼ਿਵਰਾਤਰੀ ਦਾ ਤਿਉਹਾਰ ਧੂਮ ਧਾਮ ਨਾਲ ਮਨਾਇਆ ਗਿਆ ਪੰਡਿਤ ਧਰਮਪਾਲ ਦੀ ਅਗਵਾਈ ਹੇਠ ਸ਼ਿਵਰਾਤਰੀ ਮੌਕੇ ਲੰਗਰ ਭੰਡਾਰਾ ਅਤੁੱਟ ਵਰਤਾਇਆ ਗਿਆ ਭਜਨ ਕੀਰਤਨ ਅਤੇ ਮਾਤਾ ਦੇ ਜਾਗਰਣ ਨੇ ਸ਼ਿਵ ਸ਼ੰਕਰ ਜੀ ਦੇ ਭਗਤਾਂ ਨੂੰ ਝੂਮਣ ਲਗਾ ਦਿੱਤਾ ਇਸ ਮੌਕੇ ਸੇਵਾਦਾਰ ਗੁਲਸ਼ਨ ਕੁਮਾਰ, ਰਾਜ ਕੁਮਾਰ ਬੱਲੀ, ਪ੍ਰਵੀਨ ਜੀ, ਮੋਨੂੰ, ਰਾਜਾ, ਚੰਦਨ ਵਿਵਾਨ, ਵੀਨਾ ਰਾਣੀ, ਪੂਜਾ ਅਗਰਵਾਲ, ਕਿਰਨ, ਯਾਦਵਿੰਦਰ, ਜੋਤੀ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਅਕਾਲੀ ਦਲ ਅੰਮ੍ਰਿਤਸਰ ਵੱਲੋਂ ਡਿਬਰੂਗੜ ਜੇਲ੍ਹ ਵਿਖੇ

# ਨਜ਼ਰਬੰਦ ਸਿੰਘਾਂ ਦੇ ਪਰਿਵਾਰਾਂ ਵੱਲੋਂ ਲਗਾਏ ਧਰਨੇ ਚ' ਲਗਾਤਾਰ ਸ਼ਮੂਲੀਅਤ ਜਾਰੀ







**ਡਿਬਰੂਗੜ੍ਹ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਜੇਲ ਵਿਖੇ ਨਜਰਬੰਦ ਵਾਰਿਸ ਪੰਜਾਬ ਦੀ ਜਥੇਬੰਦੀ ਦੇ ਮੁੱਖ ਆਗੂ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਪਰਿਵਾਰਾਂ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਲਗਾਏ ਗਏ ਧਰਨੇ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਪਹਿਲੇ ਦਿਨ ਤੋਂ ਲਗਾਤਾਰ ਸ਼ਮੂਲੀਅਤ ਜਾਰੀ ਹੈ।ਅੱਜ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਜਰਨਲ ਸਕੱਤਰ ਸ੍ਰ ਉਪਕਾਰ ਸਿੰਘ ਸੰਧੂ ਜੀ ਦੀ ਅਗਵਾਈ ਵਿੱਚ ਪਾਰਟੀ ਅਹੁੱਦੇਦਾਰਾਂ ਤੇ ਵਰਕਰਾਂ ਨੇ ਜਥੇ ਦੇ ਰੂਪ ਵਿੱਚ ਵੱਡੀ ਗਿਣਤੀ ਚ' ਇਸ ਧਰਨੇ ਵਿੱਚ ਸ਼ਮੂਲੀਅਤ ਕੀਤੀ। ਇਸ ਵਕਤ ਸ੍ਰ ਸੰਧੂ ਦੇ ਨਾਲ ਮੁੱਖ ਤੌਰ ਤੇ ਸ੍ਰ ਅਮਰੀਕ ਸਿੰਘ ਜੀ ਨੰਗਲ ਜਥੇਬੰਦਕ ਸਕੱਤਰ ਮਾਝਾ ਜੋਨ, ਸ੍ਰ ਸ਼ਮਸ਼ੇਰ ਸਿੰਘ ਬਰਾੜ ਜਿਲਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ, ਸ੍ਰ ਜਸਕਰਨ ਸਿੰਘ ਲੋਪੋਕੇ ਜਿਲਾ ਜਰਨਲ ਸਕੱਤਰ, ਸ੍ਰ ਰਵੀਸ਼ੇਰ ਸਿੰਘ ਸੀਨੀਅਰ ਮੀਤ ਪ੍ਰਧਾਨ ਯੂਥ ਵਿੰਗ, ਸ੍ਰ ਮਹਿੰਦਰਪਾਲ ਸਿੰਘ ਜੀ ਮਹਿਤਾ, ਸ੍ਰ ਦਲਬੀਰ ਸਿੰਘ ਬੰਡਾਲਾ, ਸ੍ਰ ਸਿਮਰਨ ਸਿੰਘ ਸ਼ਹੀਦ ਊਧਮ ਸਿੰਘ ਨਗਰ, ਸ੍ਰ ਕੁਲਵੰਤ ਸਿੰਘ ਮਝੈਲ, ਸ੍ਰ ਰਾਜਵਿੰਦਰ ਸਿੰਘ, ਸ੍ਰ ਸ਼ਿਮੰਦਰ ਸਿੰਘ ਬਰਾੜ, ਸ੍ਰ ਗੁਰਦੀਪ ਸਿੰਘ ਮੱਲੀ, ਸ੍ਰ ਗੁਰਦੀਪ ਸਿੰਘ ਜਾਣੀਆ, ਸ੍ਰ ਹਰਜੀਤ ਸਿੰਘ ਚੱਕੀ ਵਾਲੇ ਅਤੇ ਸ੍ਰ ਸੁਖਬੀਰ ਸਿੰਘ ਚੀਮਾ ਵੀ ਹਾਜਰ ਸਨ।

### ਕੇਂਦਰ ਤੇ ਪੰਜਾਬ ਸਰਕਾਰ ਮਿਲਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡ ਰਹੀ ਹੈ : ਉਪਕਾਰ ਸਿੰਘ ਸੰਧੂ

ਇਸ ਦੌਰਾਨ ਪਾਰਟੀ ਦੇ ਮੁੱਖ ਅਹੁੱਦੇਦਾਰਾਂ ਨੇ ਆਪਣੀਂ ਸਪੀਚ ਰਾਹੀਂ ਸਰਕਾਰਾਂ ਵੱਲੋਂ ਸਿੱਖਾਂ ਨਾਲ ਕੀਤੀਆਂ ਜਾ ਰਹੀਆਂ ਬੇਇਨਸਾਫੀਆਂ ਦੇ ਵਿਰੁੱਧ ਆਪਣੀਂ-ਆਪਣੀਂ ਅਵਾਜ਼ ਬੁਲੰਦ ਕੀਤੀ।ਪਾਰਟੀ ਜਰਨਲ ਸਕੱਤਰ ਸ੍ਰ ਉਪਕਾਰ ਸਿੰਘ ਸੰਧੂ ਨੇ ਧਰਨੇ ਵਾਲੀ ਜਗਾ ਤੇ ਆਈਆਂ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਮਿਲਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡ ਰਹੀ ਹੈ ਫਿਰ ਭਾਵੇਂ ਉਹ ਆਪਣਾਂ ਦੇਸ਼ ਹੋਵੇ ਜਾਂ ਵਿਦੇਸ਼। ਹਰ ਜਗਾ ਸਿੱਖਾਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਸਰਕਾਰਾਂ ਦੀ ਇਹ ਕਾਰਵਾਈ ਬਹੁਤ ਹੀ ਘਟੀਆ ਤੇ ਨਿੰਦਣਯੋਗ ਹੈ। ਸ੍ਰ ਸੰਧੂ ਨੇ ਇਹ ਵੀ ਕਿਹਾ ਕਿ ਸਿਰਫ ਇਥੇ ਹੀ ਬੱਸ ਨਹੀਂ ਸਰਕਾਰਾਂ ਨੇ ਡੰਡਾਤੰਤਰ ਦਾ ਦਬਾਅ ਬਣਾ ਕੇ ਘੱਟ ਗਿਣਤੀਆਂ ਕੋਲੋਂ ਖੁੱਲਕੇ ਬੋਲਣ ਦੀ ਅਜ਼ਾਦੀ ਵੀ ਖੋਹ ਲਈ ਹੈ ਜੋ ਕਿ ਲੋਕਤੰਤਰ ਦਾ ਵੀ ਘਾਣ ਹੈ। ਜੇਕਰ ਕੋਈ ਵੀ ਘੱਟ ਗਿਣਤੀ ਆਪਣੇਂ ਤੇ ਹੋ ਰਹੇ ਅਨਿਆਏਂ ਦੇ ਖਿਲਾਫ ਅਵਾਜ ਚੁੱਕਦਾ ਜਾਂ ਆਪਣੀਂ ਨੌਜਵਾਨੀ ਨੂੰ ਸਮਾਜਿਕ ਅਲਾਮਤਾਂ ਤੋਂ ਬਚਾ ਕੇ ਗੁਰੂ ਦੇ ਲੜ ਲਾਉਣ ਦੀ ਗੱਲ ਵੀ ਕਰਦਾ ਹੈ ਤਾਂ ਉਸਨੂੰ ਦੇਸ਼ ਵਿਰੋਧੀ ਕਨੂੰਨਾਂ ਦੇ ਤਹਿਤ ਸਖ਼ਤ ਧਾਰਾਵਾਂ ਲਗਾ ਕੇ ਜੇਲਾਂ ਵਿੱਚ ਸੁੱਟ ਦਿੱਤੇ ਜਾਂਦਾ ਹੈ। ਪਰ ਸਿੱਖ ਕੌਮ ਨਾਂ ਪਹਿਲਾਂ ਕਦੀ ਅਜਿਹੀਆਂ ਮੁਸੀਬਤਾਂ ਤੋਂ ਘਬਰਾਈ ਸੀ ਅਤੇ ਨਾਂ ਹੀ ਅੱਗੇ ਕਦੀ ਵੀ ਘਬਰਾਏਗੀ। ਸਰਕਾਰਾਂ ਸਗੋਂ ਅਜਿਹੀਆਂ ਕਾਰਵਾਈਆਂ ਕਰਕੇ ਆਪਣੇਂ ਕੌਮੀਂ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਸਿੱਖਾਂ ਦਾ ਮਨੋਬਲ ਹੋਰ ਪੱਕਾ ਕਰ ਰਹੀਆਂ ਹਨ।

( ਅਕਾਸ਼ ਟਰਾਂਸਪੋਰਟ ਦੁਬੱਈ ਦੇ ਮਾਲਕ ਸ, ਜਗੀਰ ਸਿੰਘ ਰੰਧਾਵਾ ਦੇ ਧਰਮਪਤਨੀ ਅਤੇ ਹਲਕਾ ਜੰਡਿਆਲਾ ਗੁਰੂ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਅਤੇ ਵਪਾਰ ਮੰਡਲ ਜਿਲਾ ਵਾਈਸ ਪ੍ਰਧਾਨ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ, ਠੇਕੇਦਾਰ ਲਖਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ, ਬਲਵਿੰਦਰ ਸਿੰਘ ਰੰਧਾਵਾ ਦੇ ਬਹੁਤ ਸਤਿਯੋਗ ਮਾਤਾ ਜਗੀਰ ਕੌਰ 90 ਸਾਲ ਦੀ ਅਚਾਨਕ ਦੇਹਾਂਤ ਹੋ ਗਿਆ ਹੈ। ਇਸ ਦੁੱਖ ਦੀ ਘੜੀ ਵਿੱਚ ਰਾਜਨੀਤਕ ਸਮਾਜ ਸੇਵੀ ਧਾਰਮਿਕ, ਰਿਸ਼ਤੇਦਾਰ ਸਾਕ ਸੰਬੰਧੀ ਅਤੇ ਇਲਾਕੇ ਦੇ ਬਹੁਤ ਗਿਣਤੀ ਵਿੱਚ ਹਾਜ਼ਰ ਹੋ ਰਹੇ ਹਨ।



# ਬਾਦਲ ਦਲ ਵੱਲੋਂ ਭਾਜਪਾ ਨਾਲ ਕੀਤਾ ਜਾ ਰਿਹਾ ਰਾਜਨੀਤਕ ਸਮਝੌਤਾ ਅਕਾਲੀਆਂ ਨੂੰ ਹੋਰ ਪਤਨ ਵੱਲ ਲੈ ਕੇ ਜਾਏਗਾ

## ਪੰਥ , ਪੰਜਾਬ ਅਤੇ ਕਿਸਾਨੀ ਮਸਲਿਆਂ ਉਤੇ ਵੋਟਰ ਕਰੇਗਾ ਸਵਾਲ: ਪੰਜੋਲੀ



**ਮੀਡੀਏ** ਵਿੱਚ ਚੱਲ ਰਹੀ ਚਰਚਾ ਦੱਸ ਰਹੀ ਹੈ ਕਿ ਅਕਾਲੀ ਦਲ ਬਾਦਲ ਅਤੇ ਭਾਜਪਾ ਇੱਕ ਵਾਰ ਫਿਰ ਇਕੱਠੇ ਹੋਣ ਲੱਗੇ ਹਨ ਤਾਂ ਕਿ ਪੰਜਾਬ ਦੀਆਂ ਲੋਕ ਸਭਾ ਚੋਣਾਂ ਇਕੱਠੇ ਹੋ ਕੇ ਲੜ ਸਕੀਏ ।ਇਸ ਗੱਠਜੋੜ ਦਾ ਭਾਜਪਾ ਨੂੰ ਫਾਇਦਾ ਹੋਏਗਾ ਪ੍ਰੰਤੂ ਅਕਾਲੀ ਦਲ ਬਾਦਲ ਨੂੰ ਵੋਟਰਾਂ ਦੇ ਸਵਾਲਾਂ ਦਾ ਜ਼ਬਰਦਸਤ ਸਾਹਮਣਾ ਕਰਨਾ ਪਵੇਗਾ ।ਲੋਕ ਸਵਾਲ ਕਰਨਗੇ ਕਿ ਕੀ ਹਰਿਆਣਾ ਕਮੇਟੀ ਮੁੜ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਿੱਸਾ ਬਣ ਗਈ ਹੈ ? ਕੀ ਕੋਈ ਬੰਦੀ ਸਿੰਘ ਰਿਹਾ ਹੋ ਗਿਆ ਹੈ ? ਕੀ ਡਿਬਰੂਗੜ ਜੇਲ੍ਹ ਅਸਾਮ ਦੇ ਬੰਦੀ ਸਿੰਘ ਪੰਜਾਬ ਲਿਆਕੇ ਰਿਹਾ ਕਰ ਦਿੱਤੇ ਹਨ ? ਕੀ ਗੁਰਦੁਆਰਾ ਡਾਂਗਮਾਰ ਸਾਹਿਬ , ਗੁਰਦਆਰਾ ਮੰਗੂਮੰਠ ਸਾਹਿਬ , ਗੁਰਦੁਆਰਾ ਗਿਆਨ ਗੋਦੜੀ ਸਾਹਿਬ ਵਰਗੇ ਹੋਰ ਅਨੇਕਾਂ ਹੀ ਗੁਰਦੁਆਰਾ ਸਾਹਿਬਾਨ ਪੰਥ ਹਵਾਲੇ ਕਰ ਦਿੱਤੇ ਗਏ ਹਨ ? ਕੀ ਭਾਜਪਾ ਨੇ ਗਰੰਟੀ ਦਿੱਤੀ ਹੈ ਕਿ ਭਵਿਖ ਵਿੱਚ ਭਾਜਪਾ ਦੀ ਕਿਸੇ ਵੀ ਸੂਬੇ ਦੀ ਸਰਕਾਰ ਸਿੱਖਾਂ ਦੇ ਗੁਰਦੁਆਰਾ ਸਾਹਿਬਾਨ ਦੀ ਹੋਂਦ ਨਹੀ ਮਿਟਾਏਗੀ ? ਕੀ ਭਾਜਪਾ ਨੇ ਗਰੰਟੀ ਦਿੱਤੀ ਹੈ ਕਿ ਦੁਨੀਆਂ ਭਰ ਵਿੱਚ ਅਜ਼ਾਦੀ ਦੀ ਤਾਂਗ ਰੱਖਣ ਵਾਲੇ ਕਿਸੇ ਵੀ ਸਿੱਖ ਦੀ ਟਾਰਗੇਟ ਕਿਲਿੰਗ ਨਹੀ ਹੋਵੇਗੀ ਜਾਂ ਭਾਰਤ ਵਿੱਚ ਅਜ਼ਾਦੀ ਦੀ ਤਾਂਘ ਰੱਖਣ ਵਾਲੇ ਕਿਸੇ ਵੀ ਸਿੱਖ ਨੂੰ ਦੇਸ਼ ਧਰੋਹੀ ਕਹਿਕੇ ਜੇਲ੍ਹ ਨਹੀ ਡੱਕਿਆਂ ਜਾਵੇਗਾ ? ਕੀ ਭਾਜਪਾ ਨੇ ਧਾਰਾ 25 ਬੀ ਖਤਮ ਕਰਕੇ ਸਿੱਖਾਂ ਨੂੰ ਇੱਕ ਵੱਖਰੀ ਕੌਮ ਵਜੋ ਮਾਨਤਾ ਦੇ ਦਿੱਤੀ ਹੈ ? ਕੀ ਭਾਜਪਾ ਨੇ ਪੰਜਾਬ ਦੀ ਅੰਦਰੂਨੀ ਖੁਦਮੁਖਤਿਆਰੀ ਦੀ ਮੰਗ ਮੰਨ ਲਈ ਹੈ ?ਕੀ ਭਾਜਪਾ ਨੇ ਕਿਸਾਨਾਂ ਦੀਆਂ ਹੱਕੀਂ ਮੰਗਾਂ ਪ੍ਰਵਾਨ ਕਰ ਲਈਆਂ ਹਨ ? ਕੀ ਭਾਜਪਾ ਨੇ ਪੰਜਾਬ ਨੂੰ ਦਿੱਲੀ ਜਾਣ ਲਈ ਰਸਤੇ ਖੋਲ ਦਿੱਤੇ ਹਨ ।ਜੇ ਭਾਜਪਾ ਨੇ ਇਹ ਮੰਗਾਂ ਮੰਨ ਲਈਆਂ ਹਨ , ਤਾਂ ਫਿਰ ਇਹ ਸਮਝੌਤਾ ਸਹੀ ਵੀ ਹੈ ਅਤੇ ਇਸ ਦਾ ਅਕਾਲੀ ਦੱਲ ਬਾਦਲ ਨੂੰ ਫਾਇਦਾ ਵੀ ਹੋਵੇਗਾ ਅਤੇ ਜਿੱਤ ਵੀ ਪ੍ਰਾਪਤ ਹੋ ਸਕਦੀ ਹੈ ।ਅਗਰ ਇਹਨਾ ਸਾਰੀਆਂ ਮੰਗਾਂ ਨੂੰ ਅੱਖੋ ਪਰੋਖੇ ਕਰਕੇ ਸਮਝੌਤਾ ਕੀਤਾ ਤਾਂ ਭਾਜਪਾ ਨੂੰ ਤਾਂ ਫਾਇਦਾ ਹੋ ਸਕਦਾ ਹੈ ਪਰ ਅਕਾਲੀ ਦੱਲ ਬਾਦਲ ਨੂੰ ਇਸ ਸਮਝੌਤੇ ਦਾ ਨੁਕਸਾਨ ਹੀ ਹੋਵੇਗਾ ਜਿਕਰ ਭਾਜਪਾ ਇਹ ਮੰਗਾ ਨਹੀ ਮੰਨਦੀ ਤਾਂ ਅਕਾਲੀ ਦੱਲ ਬਾਦਲ ਦੀ ਲੀਡਰਸ਼ਿੱਪ ਨੂੰ ਭਾਜਪਾ ਵੱਲ ਵੇਖਣ ਦੀ ਵਜਾਏ ਖਾਲਸਾ ਪੰਥ ਅਤੇ ਪੰਜਾਬ ਦਾ ਗੁੱਸਾ ਠੰਡਾ ਕਰਨਾ ਚਾਹੀਦਾ ਹੈ ਅਜਿਹਾ ਕਰਨ ਲਈ ਸਪੱਸਟ ਸਬਦਾ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਹੋ ਕੇ ਮਾਫ਼ੀ ਮੰਗਣੀ ਪਵੇਗੀ ਅਤੇ ਕਹਿਣਾ ਪਵੇਗਾ ਕਿ ਸਾਡੇ ਰਾਜ ਵਿੱਚ ਅਸੀਂ ਇਹ -ਇਹ ਗੁਨਾਹ ਕੀਤੇ ਸਨ ਜਿਸ ਦੀ ਪੰਥ ਨੇ ਸਾਨੂੰ ਸਜ਼ਾ ਦਿੱਤੀ ਹੈ ਹੁਣ ਅਸੀ ਸ੍ਰੀ ਅਕਾਲ ਤਖ਼ਤ ਸਾਹਿਬ ਰਾਹੀ ਗੁਰੂ ਖ਼ਾਲਸਾ ਪੰਥ ਅਤੇ ਪੰਜਾਬੀਆਂ ਤੋ ਮਾਫੀ ਮੰਗਦੇ ਹਾਂ ।ਇਹਨਾ ਗੁਨਾਹਾ ਦੀ ਮਾਫ਼ੀ ਸਾਰੀ ਲੀਡਰਸਿਪ ਨੂੰ ਸਾਂਝੇ ਰੂਪ ਵਿੱਚ ਮੰਗਣੀ ਹੋਏਗੀ। ਮੈਂ ਜੋ ਕੁੱਝ ਲਿੱਖ ਰਿਹਾ ਹਾਂ ਮੈਨੂੰ ਨਹੀ ਪਤਾ ਕਿ ਪੰਥ ਇਹ ਗੱਲਾਂ ਨੂੰ ਪ੍ਰਵਾਨ ਕਰੇਗਾ ਜਾ ਨਹੀ ਪਰ ਇਹਨਾ ਗੱਲਾਂ ਦਾ ਜ਼ਿਕਰ ਪੰਥ ਦੇ ਹਰ ਹਿੱਸੇ ਦੀ ਜ਼ਬਾਨ ਦੀ ਚਰਚਾ ਬਣੀਆਂ ਹੋਈਆਂ ਹਨ ।

**-ਕਰਨੈਲ ਸਿੰਘ ਪੰਜੋਲੀ**

### ਅਕਾਲ ਯੂਨੀਵਰਸਿਟੀ ਵਿਚ

# ਦੋ ਰੋਜ਼ਾ ਬਾਸਕਟਬਾਲ ਟੂਰਨਾਮੈਂਟ ਦਾ ਆਯੋਜਨ







ਤਲਵੰਡੀ ਸਾਬੋ, 12 ਮਾਰਚ (ਗੁਰਜੰਟ ਸਿੰਘ ਨਥੇਹਾ)- ਅਕਾਲ ਯੂਨੀਵਰਸਿਟੀ ਵਿਚ ਬਾਸਕਟਬਾਲ ਮੈਚਾਂ ਦਾ ਆਯੋਜਨ ਕੀਤਾ ਗਿਆ। ਇਸ ਵਿਚ ਲੜਕੀਆਂ ਅਤੇ ਲੜਕਿਆਂ ਦੇ ਵੱਖ-ਵੱਖ ਮੈਚ ਹੋਏ। ਮੈਚਾਂ ਦਾ ਆਯੋਜਨ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਹੋਇਆ। ਪ੍ਰੋਗਰਾਮ ਦੇ ਸ਼ੁਰੂ ਵਿਚ ਪ੍ਰੋਗਰਾਮ ਕੋਆਰਡੀਨੇਟਰ ਡਾ. ਸੰਦੀਪ ਸਿੰਘ (ਡੀ.ਐਸ.ਡਬਲਿਊ.) ਨੇ ਸਭ ਦਾ ਸਵਾਗਤ ਕੀਤਾ ਅਤੇ ਪੂਰੇ ਪ੍ਰੋਗਰਾਮ ਦੀ ਤਰਤੀਬ ਵਾਰ ਜਾਣਕਾਰੀ ਦਿੱਤੀ। ਉਹਨਾਂ ਖੇਡ ਦੇ ਨਿਯਮਾਂ ਤੇ ਧਿਆਨ ਦੇਣ ਯੋਗ ਨੁਕਤੇ ਮੰਚ ਤੋਂ ਖਿਡਾਰੀ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਉਪਰੰਤ ਡੀਨ ਅਕਾਦਮਿਕ ਮਾਮਲੇ ਮੇਜਰ ਜਨਰਲ ਡਾ. ਜੀ.ਐਸ. ਲਾਂਬਾ ਨੇ ਉਦਘਾਟਨ ਕੀਤਾ। ਵੱਖ-ਵੱਖ ਵਿਭਾਗਾਂ ਤੋਂ ਵਿਦਿਆਰਥੀ ਟੀਮਾਂ ਬਣਾ ਕੇ ਮੈਦਾਨ ਵਿਚ ਉਤਰੇ। ਲੜਕੀਆਂ ਦੀਆਂ 6 ਅਤੇ ਲੜਕਿਆਂ ਦੀਆਂ 2 ਟੀਮਾਂ ਨੇ ਬੜੇ ਉਤਸ਼ਾਹ ਨਾਲ ਰੋਚਕ ਖੇਡ ਦਾ ਪ੍ਰਦਰਸ਼ਨ ਕੀਤਾ। ਮੁਕਾਬਲਿਆਂ ਤੋਂ ਬਾਅਦ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ।ਅੰਤ ਵਿਚ ਪ੍ਰੋਗਰਾਮ ਕੋਆਰਡੀਨੇਟਰ ਡਾ. ਕੋਮਲਪ੍ਰੀਤ ਕੌਰ (ਏ.ਡੀ.ਐਸ.ਡਬਲਯੂ) ਨੇ ਧੰਨਵਾਦ ਦੀ ਰਸਮ ਅਦਾ ਕੀਤੀ।






ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243
ਲਾਈਵ ਪ੍ਰਸਾਰਣ
ਆਵਾਜ਼ਿ ਕੌਮ AWAZE QAUM WEB TV
'ਤੇ ਦੇਖਿਆ ਜਾ ਸਕਦਾ ਹੈ।

## ਖੇਤਰੀ ਖੋਜ ਕੇਂਦਰ ਬਠਿੰਡਾ ਵਿਖੇ

# ਸਾਉਣੀ ਦੀਆਂ ਫ਼ਸਲਾਂ ਲਈ ਕਿਸਾਨ ਮੇਲਾ ਲਗਾਇਆ ਗਿਆ

### ਡਾ. ਮੱਖਣ ਸਿੰਘ ਭੁੱਲਰ, ਨਿਰਦੇਸ਼ਕ ਪਸਾਰ ਸਿੱਖਿਆ, ਪੀ.ਏ.ਯੂ ਨੇ ਕਿਸਾਨਾਂ ਮੇਲੇ ਵਿਚ ਸ਼ਿਰਕਤ ਕਰ ਰਹੇ ਪਤਵੰਤਿਆਂ, ਵਿਗਿਆਨੀਆਂ ਅਤੇ ਕਿਸਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ









**ਬਠਿੰਡਾ, 12 ਮਾਰਚ (ਗੁਰਜੰਟ ਸਿੰਘ ਨਥੇਹਾ)-** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਖੇਤਰੀ ਖੋਜ ਕੇਦਂਰ, ਬਠਿੰਡਾ ਵਿਖੇ ਸਾਉਣੀ ਦੀਆਂ ਫ਼ਸਲਾਂ ਲਈ ਕਿਸਾਨ ਮੇਲਾ ਲਗਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਸ਼ਿਰਕਤ ਕੀਤੀ।ਖੇਤੀ ਨਾਲ ਸਹਾਇਕ ਧੰਦਾ, ਪਰਿਵਾਰ ਸੁਖੀ ਮੁਨਾਫ਼ਾ ਚੰਗਾ ਦੇ ਉਦੇਸ਼ ਨਾਲ ਲਗਾਏ ਇਸ ਕਿਸਾਨ ਮੇਲੇ ਵਿੱਚ ਮੁੱਖ ਮਹਿਮਾਨ ਵਜੋ ਸ਼ਿਰਕਤ ਕਰਦਿਆਂ ਡਾ ਸਤਿਬੀਰ ਸਿੰਘ ਗੋਸਲ, ਵਾਈਸ ਚਾਂਸਲਰ, ਪੀ.ਏ.ਯੂ ਨੇ ਕਿਹਾ ਕਿ ਮੇਲਾ ਅਗੇਤਾ ਲਗਾਉਣ ਦੇ ਬਾਵਜੂਦ ਕਿਸਾਨਾਂ ਦਾ ਭਾਰੀ ਇਕੱਠ ਇਸ ਗੱਲ ਦਾ ਸੰਕੇਤ ਹੈ ਕਿ ਯੂਨੀਵਰਸਿਟੀ ਵੱਲੋਂ ਕੀਤੀਆਂ ਖੋਜਾਂ ਪ੍ਰਤੀ ਕਿਸਾਨਾਂ ਦਾ ਅਥਾਹ ਵਿਸ਼ਵਾਸ ਹੈ। ਨਰਮਾ ਪੱਟੀ ਵਜੋਂ ਜਾਣੇ ਜਾਂਦੇ ਇਸ ਖੇਤਰ ਵਿੱਚ ਨਰਮੇ ਦੀ ਕਾਸ਼ਤ ਅਧੀਨ ਘੱਟ ਰਹੇ ਰਕਬੇ ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਦੱਸਿਆ ਕਿ ਨਰਮੇ ਦੀ ਕਾਸ਼ਤ ਸੱਤ ਲੱਖ ਹੈਕਟੇਅਰ ਵਿੱਚ ਕੀਤੀ ਜਾਂਦੀ ਸੀ ਲੇਕਨ ਹੁਣ ਇਹ ਰਕਬਾ ਸਿਰਫ ਢਾਈ ਲੱਖ ਹੈਕਟੇਅਰ ਰਹਿ ਗਿਆ ਹੈ।ਝੋਨੇ ਦੀਆਂ ਪੀ.ਆਰ-126 ਅਤੇ ਪੀ.ਆਰ-131 ਕਿਸਮਾਂ ਦੀ ਸਿਫ਼ਾਰਿਸ਼ ਕਰਦਿਆਂ ਉਨ੍ਹਾਂ ਨੇ 33 ਪ੍ਰਤੀਸ਼ਤ ਪੌਸਟਿਕ ਤੱਤ ਪਰਾਲੀ ਵਿੱਚ ਹੀ ਹੋਣ ਕਰਕੇ ਪਰਾਲੀ ਨੂੰ ਖੇਤਾਂ ਵਿੱਚ ਹੀ ਰੱਖਣ ਦੀ ਤਾਕੀਦ ਕੀਤੀ।ਘਰੇਲੂ ਲੋੜਾਂ ਵਾਸਤੇ ਸਬਜ਼ੀਆਂ ਅਤੇ ਫਲਾਂ ਲਈ ਪੌਸ਼ਿਟਕ ਬਗੀਚੀ ਲਾਉਣ ਦਾ ਸੁਝਾਅ ਦਿੰਦਿਆਂ ਡਾ. ਗੋਸਲ ਨੇ ਯੂਨੀਵਰਸਿਟੀ ਵੱਲੋਂ ਤਿਆਰ ਕੀਤੀਆਂ ਜਾਂਦੀਆਂ ਸਬਜ਼ੀਆਂ, ਚਾਰੇ, ਤੇਲ ਬੀਜ ਅਤੇ ਦਾਲਾਂ ਦੇ ਬੀਜਾਂ ਦੀਆਂ ਕਿੱਟਾਂ ਖਰੀਦਣ ਦੀ ਸਿਫ਼ਾਰਿਸ਼ ਕੀਤੀ। ਕਣਕ ਨੂੰ ਗੁੱਲੀ ਡੰਡੇ ਵਰਗੇ ਨਦੀਨਾਂ ਤੋਂ ਬਚਾਉਣ ਅਤੇ ਜਲ ਸੋਮਿਆਂ ਦੀ ਬੱਚਤ ਕਰਨ ਲਈ ਉਨ੍ਹਾਂ ਨੇ ਸਰਫੇਸ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਲਈ ਕਿਹਾ।ਯੂਨੀਵਰਸਿਟੀ ਦੇ ਹਫਤਾਵਾਰ ਡਿਜੀਟਲ ਅਖ਼ਬਾਰ ਖੇਤੀ ਸੰਦੇਸ਼, ਪੀ.ਏ.ਯੂ ਯੂ-ਟਿਊਬ ਚੈਨਲ, ਇੰਸਟਾਗ੍ਰਾਮ ਅਤੇ ਪੀ.ਏ.ਯੂ ਫੇਸ ਬੁੱਕ ਬਾਰੇ ਜਾਣਕਾਰੀ ਦਿੰਦਿਆਂ ਡਾ. ਗੋਸਲ ਨੇ ਕਿਸਾਨਾਂ ਨੂੰ ਪੀ.ਏ.ਯੂ ਦੇ ਵਟਸਅੱਪ ਗਰੁੱਪਾਂ ਅਤੇ ਵੈਬਸਾਈਟ ਨਾਲ ਜੁੜਨ ਦੀ ਅਪੀਲ ਕੀਤੀ। ਇਸ ਮੌਕੇ ਡਾ. ਅਜਮੇਰ ਸਿੰਘ ਢੱਟ, ਨਿਰਦੇਸ਼ਕ ਖੋਜ, ਪੀ.ਏ.ਯੂ ਨੇ ਯੂਨੀਵਰਸਿਟੀ ਵੱਲੋਂ ਵਿਕਸਤ ਕੀਤੀਆਂ ਗਈਆਂ ਫ਼ਸਲ ਉਤਪਾਦਨ, ਪੌਦ ਸੁਰੱਖਿਆ ਅਤੇ ਉਤਪਾਦਨ ਤਕਨੀਕਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਤੀ ਮਾਹਿਰਾਂ ਵੱਲੋਂ ਵੱਖੋ-ਵੱਖ ਫ਼ਸਲਾਂ ਦੀਆਂ 950 ਤੋਂ ਵੱਧ ਕਿਸਮਾਂ ਵਿਕਸਤ ਅਤੇ ਹਜ਼ਾਰਾਂ ਤਕਨੀਕਾਂ ਸਿਫ਼ਾਰਿਸ਼ ਕੀਤੀਆਂ ਜਾ ਚੁੱਕੀਆਂ ਹਨ। ਪਾਣੀ ਨੂੰ ਖੇਤੀ ਅਤੇ ਸਮੁੱਚੀ ਬਨਸਪਤੀ ਲਈ ਮਹੱਤਵਪੂਰਨ ਦੱਸਦਿਆਂ ਉਨ੍ਹਾਂ ਨੇ ਇਸ ਦੀ ਸੰਜਮ ਨਾਲ ਵਰਤੋਂ ਕਰਨ, ਘੱਟ ਪਾਣੀ ਲੈਣ ਵਾਲੀਆਂ ਫਸਲਾਂ ਦੀ ਕਾਸ਼ਤ ਕਰਨ, ਅਗੇਤਾ ਝੋਨਾ ਨਾ ਬੀਜਣ ਅਤੇ ਪਰਾਲੀ ਨੂੰ ਖੇਤਾਂ ਵਿੱਚ ਹੀ ਰੱਖਣ ਦੀ ਸਿਫ਼ਾਰਸ਼ ਕੀਤੀ। ਡਾ. ਢੱਟ ਨੇ ਖੇਤੀ ਮਾਹਿਰਾਂ ਵੱਲੋਂ ਵਿਕਸ਼ਤ ਕੀਤੀ ਗਈ ਬਾਸਮਤੀ ਦੀ ਨਵੀ ਕਿਸਮ ਪੂਸਾ ਬਾਸਮਤੀ -1847, ਚਾਰਾ ਮੱਕੀ (ਜੇ-1008), ਮੋਟੇ ਅਨਾਜਾਂ ਦੀ ਕਿਸਮ ਪੀ.ਸੀ.ਬੀ 167 ਅਤੇ ਪੰਜਾਬ ਚੀਨਾ 1 ਤੋਂ ਇਲਾਵਾ ਬੈਗਣਾਂ ਦੀ ਹਾਈਬ੍ਰਿਡ, ਤਰਬੂਜ ਦੀ ਨਵੀਂ ਕਿਸਮ (ਪੰਜਾਬ ਮਿਠਾਸ) ਖਰਬੂਜੇ ਵਿੱਚ ਬੌਬੀ ਵੰਨਗੀ (ਪੰਜਾਬੀ ਅੰਮ੍ਰਿਤ) ਤੋਂ ਇਲਾਵਾ ਜਾਮਣਾਂ ਦੀਆਂ ਨਵੀਆਂ ਕਿਸਮਾਂ ਕੋਕਨ ਅਤੇ ਗੋਮਾ ਦਾ ਜ਼ਿਕਰ ਵੀ ਕੀਤਾ। ਡਾ ਢੱਟ ਨੇ ਫੁੱਲਾਂ ਤੋਂ ਗੁਲਾਲ ਬਨਾਉਣ, ਸੋਇਆਬੀਨ ਤੋਂ ਸੁੱਕਾ ਦੁੱਧ ਅਤੇ ਮੋਟੇ ਅਨਾਜ਼ਾਂ ਤੋਂ ਵੱਖ-ਵੱਖ ਕਿਸਮ ਦੇ ਪਦਾਰਥ ਤਿਆਰ ਕਰਨ ਦੀਆਂ ਪ੍ਰੋਸੈਸਿੰਗ ਤਕਨੀਕਾਂ ਦੇ ਨਾਲ-ਨਾਲ ਉਤਪਾਦਨ ਦੀਆਂ 6 ਤਕਨੀਕਾਂ ਅਤੇ ਡਰੋਣ ਚਲਾਉਣ ਦੀ ਤਕਨੀਕ ਵੀ ਸਾਂਝੀ ਕੀਤੀ। ਡਾ. ਮੱਖਣ ਸਿੰਘ ਭੁੱਲਰ, ਨਿਰਦੇਸ਼ਕ ਪਸਾਰ ਸਿੱਖਿਆ, ਪੀ.ਏ.ਯੂ ਨੇ ਕਿਸਾਨਾਂ ਮੇਲੇ ਵਿਚ ਸ਼ਿਰਕਤ ਕਰ ਰਹੇ ਪਤਵੰਤਿਆਂ, ਵਿਗਿਆਨੀਆਂ ਅਤੇ ਕਿਸਾਨਾਂ ਨੂੰ ਨਿੱਘਾ ਜੀ ਆਇਆਂ ਕਹਿੰਦਿਆਂ 14-15 ਮਾਰਚ ਨੂੰ ਪੀ.ਏ.ਯੂ ਕੈਂਪਸ ਲੁਧਿਆਣਾ ਵਿਖੇ ਲੱਗਣ ਵਾਲੇ ਕਿਸਾਨ ਮੇਲੇ ਵਿੱਚ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ।ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਖੇਤੀ ਸਹਿਤ ਨੂੰ ਪੜ੍ਹ ਕੇ ਵਿਗਿਆਨਿਕ ਲੀਹਾਂ ਤੇ ਖੇਤੀ ਕਰਨ ਦੀ ਪ੍ਰੇਰਨਾ ਕਰਦਿਆਂ ਡਾ. ਭੁੱਲਰ ਨੇ ਮਹੀਨਾਵਾਰ ਖੇਤੀ ਰਸਾਲੇ, ਚੰਗੀ ਖੇਤੀ ਅਤੇ ਪ੍ਰੋਗ੍ਰੈਸਿਵ ਫਾਰਮਿੰਗ ਦੇ ਵੱਧ ਤੋਂ ਵੱਧ ਮੈਂਬਰ ਬਣਨ ਦੇ ਨਾਲ ਨਾਲੋ ਖੇਤੀਬਾੜੀ ਦੀਆਂ ਮੁੱਖ ਸਮੱਸਿਆਵਾਂ ਕਿਤਾਬ ਪੜ੍ਹਨ ਦੀ ਤਾਕੀਦ ਕੀਤੀ। ਰਿਵਾਇਤੀ ਖੇਤੀ ਦੇ ਨਾਲ ਸਹਾਇਕ ਧੰਦਿਆਂ ਨੂੰ ਅਪਨਾਉਣ ਦੀ ਅਪੀਲ ਕਰਦਿਆਂ ਉਨ੍ਹਾਂ ਨੇ ਪੰਜਾਬ ਭਰ ਵਿੱਚ ਪੀ.ਏ.ਯੂ ਦੇ 18 ਕ੍ਰਿਸ਼ੀ ਵਿਗਿਆਨ ਕੇਦਂਰਾਂ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸਿਖਲਾਈਆਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਖੇਤੀ ਸਬੰਧਿਤ ਸਮੱਸਿਆਵਾਂ ਦੇ ਹੱਲ ਲਈ ਖੇਤੀ ਮਾਹਿਰਾਂ ਨਾਲ ਜੁੜਨ ਲਈ ਕਿਹਾ। ਡਾ. ਕਰਮਜੀਤ ਸਿੰਘ ਗਿੱਲ, ਮੁੱਖ ਖੇਤੀਬਾੜੀ ਅਫ਼ਸਰ, ਬਠਿੰਡਾ ਨੇ ਪੰਜਾਬ ਸਰਕਾਰ ਦੀਆਂ ਖੇਤੀ ਸਬੰਧਿਤ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਖੇਤਰੀ ਖੋਜ ਕੇਦਂਰ, ਬਠਿੰਡਾ ਵੱਲੋਂ ਡਾ. ਸਤਿਬੀਰ ਸਿੰਘ ਗੋਸਲ ਦਾ ਵਿਸ਼ੇਸ਼ ਸਨਮਾਨ ਕਰਨ ਤੋਂ ਇਲਾਵਾ ਖੋਜ ਕੇਦਂਰ ਦੇ ਵਿਗਿਆਨੀ ਡਾ. ਵੀ.ਪੀ.ਮਿੱਤਲ, ਡਾ. ਜਤਿੰਦਰ ਸਿੰਘ ਬਰਾੜ ਅਤੇ ਡਾ. ਜਗਦੀਸ਼ ਗਰੋਵਰ ਨੂੰ ਵੀ ਸਨਮਾਨਿਤ ਕੀਤਾ ਗਿਆ। ਰਿਵਾਇਤੀ ਖੇਤੀ ਤੋਂ ਹੱਟ ਕੇ ਬਾਗਬਾਨੀ ਵਿੱਚ ਉਘਾ ਯੋਗਦਾਨ ਪਾਉਣ ਵਜੋਂ ਸ੍ਰ. ਬਲਕਾਰ ਸਿੰਘ ਸਪੁੱਤਰ ਸ੍ਰ. ਅਰਜਨ ਸਿੰਘ ਵਾਸੀ ਕਪੂਰਥਲਾ ਨੂੰ ਜਥੇਦਾਰ ਗੁਰਦਿੱਤਾ ਵਿੱਚ ਮਾਹਲ ਯਾਦਗਾਰੀ ਪੁਰਸ਼ਕਾਰ ਨਾਲ ਸਨਮਾਨਿਤ ਕੀਤਾ ਗਿਆ। ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਪੰਜਾਬ ਦੀਆਂ ਫ਼ਸਲਾਂ ਦੀਆਂ ਸਿਫ਼ਾਰਿਸ਼ਾਂ: ਸਾਉਣੀ 2024 ਨੂੰ ਰਲੀਜ਼ ਕੀਤਾ ਗਿਆ। ਇਸ ਮੌਕੇ ਸ੍ਰ. ਹਰਨੇਕ ਸਿੰਘ ਪਿੰਡ ਤਰਖਾਣਵਾਲਾ ਨੇ ਯੂਨੀਵਰਸਿਟੀ ਇੰਡੋਵਮੈਂਟ ਫੰਡ ਲਈ 6,000 ਰੁਪਏ ਦਿੱਤੇ। ਮੰਚ ਦਾ ਸੰਚਾਲਣ ਡਾ. ਗੁਰਜਿੰਦਰ ਸਿੰਘ ਰੋਮਾਣਾ, ਪ੍ਰਮੁੱਖ ਵਿਗਿਆਨੀ ਨੇ ਕੀਤਾ ਅਤੇ ਧੰਨਵਾਦ ਦੇ ਸ਼ਬਦ ਡਾ. ਕਰਜੀਤ ਸਿੰਘ ਸੇਖੋ, ਨਿਰਦੇਸ਼ਕ, ਖੇਤਰੀ ਖੋਜ ਕੇਂਦਰ ਬਠਿੰਡਾ ਨੇ ਕਹੇ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਕਾਂਗਰਸ ਦੇ ਵਿਰੋਧ ਦੇ ਬਾਵਜੂਦ ਪ੍ਰਧਾਨ ਮੰਤਰੀ ਮੋਦੀ ਨੇ ਸੀ.ਏ.ਏ. ਨੂੰ ਲਾਗੂ ਕਰਕੇ

# ਦ੍ਰਿੜ੍ਹ ਸਿਆਸੀ ਇੱਛਾ ਸ਼ਕਤੀ ਦਾ ਪ੍ਰਮਾਣ ਦਿੱਤਾ: ਪ੍ਰੋ. ਸਰਚਾਂਦ ਸਿੰਘ

**ਅੰਮ੍ਰਿਤਸਰ 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਮੀਡੀਆ ਪੈਨਲਿਸਟ ਤੇ ਅੰਮ੍ਰਿਤਸਰ ਲੋਕ ਸਭਾ ਦੇ ਮੀਡੀਆ ਇੰਚਾਰਜ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ’ਚ ਭਾਰਤ ਆਤਮ ਵਿਸ਼ਵਾਸ ਅਤੇ ਆਤਮ ਨਿਰਭਰਤਾ ਨਾਲ ਅੱਗੇ ਵੱਧ

## ਹਿੰਦੂ-ਸਿੱਖ ਸ਼ਰਨਾਰਥੀ ਹੁਣ ਭਾਰਤੀ ਨਾਗਰਿਕਤਾ ਵਾਲੀਆਂ ਸਹੂਲਤਾਂ ਲੈਣ ਦੇ ਹੱਕਦਾਰ ਹੋ ਗਏ ਹਨ



ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਕਸਿਤ ਭਾਰਤ ਦਾ ਵਿਜ਼ਨ ਸਵੈ-ਨਿਰਭਰ ਭਾਰਤ ਤੋਂ ਬਿਨਾਂ ਸੰਭਵ ਨਹੀਂ ਹੈ। ਭਾਰਤ ਨੇ ਵਿਕਾਸ ’ਚ ਗਤੀ ਫੜੀ ਹੈ ਅਤੇ ਦੂਜਿਆਂ ’ਤੇ ਨਿਰਭਰਤਾ ਘਟਾਈ ਹੈ, ਇਹ ਸਭ ਪ੍ਰਧਾਨ ਮੰਤਰੀ ਮੋਦੀ ਦੀ ਗਤੀਸ਼ੀਲ ਅਗਵਾਈ ’ਚ ਹੀ ਸੰਭਵ ਹੋਇਆ ਹੈ।

ਪ੍ਰੋ. ਸਰਚਾਂਦ ਸਿੰਘ ਨੇ ਦੇਸ਼ ਭਰ ’ਚ ਨਾਗਰਿਕਤਾ ਸੋਧ ਕਾਨੂੰਨ 2019 ਨੂੰ ਲਾਗੂ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਵੋਟ ਬੈਂਕ ਦੀ ਰਾਜਨੀਤੀ ’ਤੇ ਚਲਦਿਆਂ ਇਸ ਦਾ ਵਿਰੋਧ ਕਰਨ ਦੇ ਬਾਵਜੂਦ ਪ੍ਰਧਾਨ ਮੰਤਰੀ ਨੇ ਸੀ.ਏ.ਏ. ਨੂੰ ਲਾਗੂ ਕਰਕੇ ਸਿਆਸੀ ਦ੍ਰਿੜ੍ਹ ਇੱਛਾ ਸ਼ਕਤੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ , ਬੰਗਲਾ ਦੇਸ਼ ਅਤੇ ਅਫ਼ਗ਼ਾਨਿਸਤਾਨ ਤੋਂ ਆਏ ਹਿੰਦੂ, ਸਿੱਖ, ਜੈਨੀ, ਬੋਧੀ, ਪਾਰਸੀ ਅਤੇ ਇਸਾਈ ਭਾਈਚਾਰੇ ਦੇ ਨਾਲ ਸੰਬੰਧਿਤ 31 ਹਜ਼ਾਰ ਸ਼ਰਨਾਰਥੀਆਂ ਨੂੰ ਤੁਰੰਤ ਹੀ ਭਾਰਤੀ ਨਾਗਰਿਕਤਾ ਮਿਲ ਜਾਵੇਗੀ। ਜਿਸ ਨਾਲ ਉਹ ਹੁਣ ਭਾਰਤੀ ਨਾਗਰਿਕਤਾ ਵਾਲੀਆਂ ਸਹੂਲਤਾਂ ਲੈਣ ਦੇ ਹੱਕਦਾਰ ਹੋ ਜਾਣਗੇ।ਉਨ੍ਹਾਂ ਕਿਹਾ ਕਿ 58 ਸੌ ਤੋਂ ਵੱਧ ਸਿੱਖ ਅਤੇ 25 ਹਜ਼ਾਰ ਤੋਂ ਵੱਧ ਹਿੰਦੂਆਂ ਨੂੰ ਇਸ ਕਾਨੂੰਨ ਦਾ ਲਾਭ ਮਿਲ ਜਾਵੇਗਾ, ਜੋ ਕਾਫ਼ੀ ਸਮੇਂ ਤੋਂ ਇਸ ਕਾਨੂੰਨ ਦੇ ਲਾਗੂ ਹੋਣ ਦੀ ਉਡੀਕ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਪਾਕਿਸਤਾਨ ਅਤੇ ਅਫ਼ਗ਼ਾਨਿਸਤਾਨ ’ਚ ਘਟ ਗਿਣਤੀਆਂ ਨੂੰ ਵਿਤਕਰਿਆਂ ਦਾ ਹੀ ਨਹੀਂ ਜ਼ੁਲਮ ਵੀ ਸਹਿਣਾ ਪੈ ਰਿਹਾ ਸੀ, ਜਿਸ ਕਰਕੇ ਉਨ੍ਹਾਂ ਨੂੰ ਭਾਰਤ ’ਚ ਆਉਣ ਨੂੰ ਤਰਜ਼ੀਹ ਦਿੱਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਫ਼ਗ਼ਾਨਿਸਤਾਨ ’ਚ ਪੈਦਾ ਹੋਈ ਗੜਬੜੀ ਦੌਰਾਨ ਉੱਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਪਾਵਨ ਸਰੂਪਾਂ ਸਮੇਤ ਹਜ਼ਾਰਾਂ ਹਿੰਦੂ ਅਤੇ ਸਿੱਖਾਂ ਨੂੰ ਸੁਰੱਖਿਅਤ ਭਾਰਤ ਲਿਆਂਦਾ ਗਿਆ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

### ਵਿਧਾਇਕ ਨਰਿੰਦਰ ਕੌਰ ਭਰਾਜ ਨੇ 3.5 ਕਰੋੜ ਦੀ ਲਾਗਤ ਵਾਲੇ ਹੋਰ ਵਿਕਾਸ ਕੰਮ ਆਰੰਭ ਕਰਵਾਏ

# ਹਲਕਾ ਸੰਗਰੂਰ ਦੇ ਵਿਕਾਸ ਲਈ ਲਗਾਤਾਰ ਸਾਰਥਕ ਕਦਮ ਚੁੱਕ ਰਹੇ ਹਾਂ - ਵਿਧਾਇਕ ਨਰਿੰਦਰ ਕੌਰ ਭਰਾਜ

**ਸੰਗਰੂਰ, ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਐਮ.ਐਲ.ਏ ਸੰਗਰੂਰ ਨਰਿੰਦਰ ਕੌਰ ਭਰਾਜ ਵੱਲੋਂ ਵੀ ਹਲਕਾ ਸੰਗਰੂਰ ਦੇ ਬਹੁ-ਪੱਖੀ ਵਿਕਾਸ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਵਿਧਾਇਕ ਵੱਲੋਂ

ਆਵਾਜ਼ਿ ਕੌਮ AWAZE QAUM International Newspaper & WEB TV



ਪਿਛਲੇ ਕਈ ਦਿਨਾਂ ਤੋਂ ਲੜੀਵਾਰ ਢੰਗ ਨਾਲ ਸੰਗਰੂਰ ਸ਼ਹਿਰ ਵਿੱਚ ਆਰੰਭ ਕਰਵਾਏ ਵਿਕਾਸ ਕਾਰਜਾਂ ਦੇ ਨਾਲ ਹੀ ਬਾਕੀ ਹਲਕੇ ਵਿੱਚ ਵੀ ਲੋਕ ਹਿਤ ਵਜੋਂ ਹੋਰ ਕਾਰਜ ਸ਼ੁਰੂ ਕਰਵਾ ਦਿੱਤੇ ਗਏ ਹਨ। ਉਨ੍ਹਾਂ ਨੇ ਹਲਕਾ ਸੰਗਰੂਰ ਵਿੱਚ 3.5 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਵਿਧਾਨ ਸਭਾ ਹਲਕਾ ਸੰਗਰੂਰ ਦੇ ਵਿਕਾਸ ਕਾਰਜਾਂ ਲਈ ਫ਼ੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਇਸ ਹਲਕੇ ਨੂੰ ਨਮੂਨੇ ਦਾ ਹਲਕਾ ਬਣਾਉਂਦੇ ਹੋਏ ਦੇਸ਼ ਦੇ ਮੂਹਰਲੀ ਕਤਾਰ ਦੇ ਹਲਕਿਆਂ ਵਿੱਚ ਸ਼ਾਮਿਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਕਾਸ ਕਾਰਜਾਂ ਦੀ ਇਸ ਲੜੀ ਤਹਿਤ ਪਿੰਡ ਭੜੋ ਵਿਖੇ 10.06 ਲੱਖ ਰੁਪਏ ਦੀ ਲਾਗਤ ਨਾਲ ਆਂਗਣਵਾੜੀ ਸੈਂਟਰ, ਪਿੰਡ ਨੂਰਪੁਰਾ ਵਿਖੇ 28,36 ਲੱਖ ਨਾਲ ਨਵੇਂ ਖੇਡ ਸਟੇਡੀਅਮ, ਪਿੰਡ ਮੁਨਸ਼ੀਵਾਲਾ ਵਿਖੇ 18.40 ਲੱਖ ਨਾਲ ਖੇਡ ਪਾਰਕ, 35 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਕਮਿਊਨਿਟੀ ਹਾਲ, ਪਿੰਡ ਫੁੰਮਣਵਾਲ ਵਿਖੇ 29,66 ਲੱਖ ਨਾਲ ਨਵਾਂ ਖੇਡ ਸਟੇਡੀਅਮ, ਪਿੰਡ ਨਦਾਮਪੁਰ ਵਿਖੇ ਕਲੋਨੀਆਂ (ਮੱਟਰਾਂ ਰੋਡ) ਵਿੱਚ 10 ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਪਿੱਟ ਦੇ ਪਾਣੀ ਦੇ ਪ੍ਰਬੰਧ ਦੇ ਕੰਮ, ਪਿੰਡ ਹਰਦਿੱਤਪੁਰਾ ਵਿਖੇ 4.96 ਲੱਖ ਰੁਪਏ ਦੀ ਲਾਗਤ ਨਾਲ ਪਾਰਕ ਦੇ ਕੰਮ, ਪਿੰਡ ਆਲੋਅਰਖ ਵਿਖੇ 32,88 ਲੱਖ ਨਾਲ ਨਵਾਂ ਖੇਡ ਸਟੇਡੀਅਮ, ਪਿੰਡ ਭੱਟੀਵਾਲ ਖੁਰਦ ਵਿਖੇ 28.62 ਲੱਖ ਰੁਪਏ ਦੀ ਕੀਮਤ ਨਾਲ ਖੇਡ ਸਟੇਡੀਅਮ, ਪਿੰਡ ਨਰੈਣਗੜ੍ਹ ਵਿਖੇ 14,78 ਲੱਖ ਦੀ ਲਾਗਤ ਨਾਲ ਨਵੇਂ ਖੇਡ ਪਾਰਕ, ਪਿੰਡ ਰੇਤਗੜ੍ਹ ਵਿਖੇ 35 ਲੱਖ ਰੁਪਏ ਦੀ ਕੀਮਤ ਨਾਲ ਨਵੇਂ ਕਮਿਊਨਿਟੀ ਹਾਲ, ਪਿੰਡ ਰਾਏ ਸਿੰਘ ਵਾਲਾ ਵਿਖੇ ਆਂਗਣਵਾੜੀ ਸੈਂਟਰ ਦੀ ਇਮਾਰਤ ਦੀ ਉਸਾਰੀ ਦੇ 1 ਲੱਖ 6 ਹਜਾਰ ਦੀ ਲਾਗਤ ਦੇ ਕੰਮ, ਪਿੰਡ ਥਲੇਸਾਂ ਵਿਖੇ 3.96 ਲੱਖ ਨਾਲ ਖੇਡ ਮੈਦਾਨ ਦੇ ਕੰਮ, ਪਿੰਡ ਅਕੋਈ ਸਾਹਿਬ ਵਿਖੇ 5.41 ਲੱਖ ਰੁਪਏ ਦੀ ਕੀਮਤ ਨਾਲ ਖੇਡ ਮੈਦਾਨ ਦੇ ਕੰਮ, ਪਿੰਡ ਬੰਗਾਵਾਲੀ ਵਿਖੇ 7.50 ਲੱਖ ਰੁਪਏ ਦੀ ਕੀਮਤ ਨਾਲ ਆਂਗਣਵਾੜੀ ਸੈਂਟਰ ਦੇ ਕੰਮ, ਸੰਗਰੂਰ ਸ਼ਹਿਰ ਦੇ ਅਜੀਤ ਨਗਰ ਵਿਖੇ 16.66 ਲੱਖ ਰੁਪਏ ਦੀ ਲਾਗਤ ਨਾਲ ਪਬਲਿਕ ਪਾਰਕ ਦੇ ਕੰਮ, ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿਚ ਥਰਮੋ ਪਲਾਸਟਿਕ ਕੰਪਾਊਂਡ ਨਾਲ ਮਾਰਕਿੰਗ ਕਰਵਾਉਣ ਦੇ ਕੰਮ ਦੀ ਸ਼ੁਰੂਆਤ ਸੁਨਾਮੀ ਗੇਟ ਤੋਂ ਕਰਵਾਈ। ਇਸ ਤੋਂ ਇਲਾਵਾ ਸ਼ਹਿਰ ਦੀਆਂ ਟੁੱਟੀਆਂ ਸੜਕਾਂ, ਨਾਲੀਆਂ ਅਤੇ ਪੁਲੀਆਂ ਆਦਿ ਦੀ ਮੁਰੰਮਤ ਦੇ 57.80 ਲੱਖ ਦੇ ਕੰਮ ਦੀ ਸ਼ੁਰੂਆਤ ਅੰਬੇਦਕਰ ਨਗਰ ਬਿਜਲੀ ਬੋਰਡ ਦਫਤਰ ਦੇ ਸਾਹਮਣੇ ਤੋ ਕਰਵਾਈ ਗਈ। ਉਨ੍ਹਾਂ ਕਿਹਾ ਕਿ ਹਲਕੇ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ ਜਿਸ ਨਾਲ ਇਲਾਕੇ ਦੀ ਨੁਹਾਰ ਵਿੱਚ ਵੱਡੇ ਬਦਲਾਅ ਹੋ ਰਹੇ ਹਨ।

# “ਵਿਸ਼ਵ ਨੋ ਸਮੋਕਿੰਗ ਦਿਵਸ” ਮੌਕੇ ਜਨਤਕ ਥਾਵਾਂ ਤੇ ਤੰਬਾਕੂਨੋਸ਼ੀ ਕਰਨ ਵਾਲਿਆਂ 17 ਦੇ ਕੱਟੇ ਗਏ ਚਲਾਨ

**ਚੌਕ ਮਹਿਤਾ, 12 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿਹਤ ਵਿਭਾਗ ਵਲੋਂ ਵਿਸ਼ਵ ਨੋ ਸਮੋਕਿੰਗ ਦਿਵਸ ਮੌਕੇ ਜਨਤਕ ਥਾਵਾਂ ਤੇ ਤੰਬਾਕੂਨੋਸ਼ੀ ਕਰਨ ਵਾਲਿਆਂ 17 ਲੋਕਾਂ ਦੇ ਚਲਾਣ ਕੱਟੇ ਗਏ ਅਤੇ ਨਾਲ ਹੀ ਉਹਨਾਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ।ਸਿਵਲ ਸਰਜਨ ਅੰਮ੍ਰਿਤਸਰ ਡਾ ਵਿਜੇ ਕੁਮਾਰ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਸ਼ਵ ਨੋ ਸਮੋਕਿੰਗ ਦਿਵਸ ਮੌਕੇ ਵਲੋਂ ਕੋਟਪਾ ਐਕਟ ਨੂੰ ਸਖਤੀ ਨਾਲ ਲਾਗੂ ਕਰਨ ਸੰਬਧੀ ਅੱਜ ਦਫਤਰ ਸਿਵਲ ਸਰਜਨ ਅੰਮ੍ਰਿਤਸਰ ਵਿਖੇ ਤੋਂ ਜਿਲ੍ਹਾ ਨੋਡਲ ਅਫਸਰ ਐਨ.ਟੀ.ਸੀ.ਪੀ. ਕਮ ਡੀ.ਡੀ.ਐਚ.ਓ. ਡਾ ਜਗਨਜੋਤ ਕੌਰ ਦੀ ਅਗਵਾਹੀ ਹੇਠਾਂ ਇਕ ਸਪੈਸ਼ਲ ਟੀਮ ਦਾ ਗਠਣ ਕੀਤਾ ਗਿਆ। ਜਿਸ ਵਿਚ ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡਾ ਤਰਨਦੀਪ ਕੌਰ, ਐਸ.ਆਈ. ਪਰਮਜੀਤ ਸਿੰਘ, ਮੰਗਲ ਸਿੰਘ, ਰਜਿੰਦਰ ਸਿੰਘ, ਰਸ਼ਪਾਲ ਸਿੰਘ ਅਤੇ ਬਲਜੀਤ ਸਿੰਘ ਸ਼ਾਮਿਲ ਸਨ।ਇਸ ਟੀਮ ਵਲੋਂ ਮੌਕੇ ਤੇ ਕਾਰਵਾਈ ਕਰਦਿਆਂ ਹੋਇਆ ਸ਼ਹਿਰ ਦੇ ਵੱਖ-ਵੱਖ ਇਲਕਿਆਂ ਵਿਚ ਲਗਭਗ 25 ਤੰਬਾਕੂ ਵਿਕਰੇਤਾਵਾਂ ਦੀ ਜਾਂਚ ਕੀਤੀ ਗਈ, ਜਿਸ ਦੌਰਾਣ ਕੋਰਟ ਰੋਡ, ਮਾਡਲ ਟਾਓਨ ਅਤੇ ਰਾਣੀ ਕਾ ਬਾਗ ਦੇ ਇਲਾਕਿਆਂ ਵਿਚ ਪਬਲਿਕ ਸਥਾਨਾਂ ਤੇ ਸਿਗਰਟ ਪੀਣ ਵਾਲੇ 17 ਲੋਕਾਂ ਦੇ ਮੌਕੇ ਤੇ ਜੁਰਮਾਨਾਂ ਚਲਾਣ ਕੀਤੇ ਗਏ।ਪੰਜਾਬ ਸਰਕਾਰ ਵਲੋਂ ਸਮੂਹ ਤੰਬਾਕੂ ਵਿਕ੍ਰੇਤਾਵਾਂ ਨੂੰ ਚੇਤਾਵਨੀਂ ਦਿੰਦਿਆ ਹਿਦਾਇਤਾਂ ਜਾਰੀ ਕੀਤੀ।ਟੀਮ ਵਲੋਂ ਇਸ ਮੌਕੇ ਤੇ ਜਾਣਕਾਰੀ ਦਿੱਤੀ ਕਿ ਈ-ਸਿਗਰਟ ਪੀਣਾਂ ਜਾਨਲੇਵਾ ਹੋ ਸਕਦਾ ਹੈ, ਇਸ ਨਾਲ ਬਹੁਤ ਸਾਰੀਆਂ ਫੇਫੜਿਆਂ ਦੀਆਂ ਬੀਮਾਰੀਆਂ ਹੋ ਸਕਦੀਆਂ ਹਨ ਅਤੇ ਕੈਂਸਰ ਹੋਣ ਦਾ ਖਤਰਾ ਵੱਧ ਸਕਦਾ ਹੈ, ਇਸ ਲਈ ਜੇਕਰ ਕੋਈ ਵੀ ਤੰਬਾਕੂ ਵਿਕ੍ਰੇਤਾਂ ਬਿਨਾਂ ਮਾਪਦੰਡ ਵਾਲਾ ਤੰਬਾਕੂ ਸਮਾਨ (ਇਮਪੋਰਟਿਡ ਸਿਗਰਟ) ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਧਾਰਾ 20 ਤਹਿਤ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।ਇਸ ਤੋਂ ਇਲਾਵਾ ਪਬਲਿਕ ਸਥਾਨਾਂ ਤੇ ਸਿਗਰਟਨੋਸ਼ੀ ਕਰਨਾਂ ਅਤੇ ਖੁਲੀ ਸਿਗਰਟ ਵੇਚਣਾਂ ਵੀ ਸਜਾ/ਜੁਰਮਾਨੇ ਯੋਗ ਅਪਰਾਧ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਸੰਗਰੂਰ ਲੋਕ ਸਭਾ ਹਲਕੇ ਤੋਂ ਦਰਸ਼ਨ ਸਿੰਘ ਨੈਣੇਵਾਲ ਨੂੰ ਉਮੀਦਵਾਰ ਬਣਾਇਆ ਜਾਵੇ : ਖਾਲਸਾ

**ਧੂਰੀ, ( ਰਣਜੀਤ ਸਿੰਘ ਪੇਧਨੀ )**-ਭਾਰਤੀ ਜਨਤਾ ਪਾਰਟੀ ਕਿਸਾਨ ਵਿੰਗ ਪੰਜਾਬ ਦੇ ਪ੍ਰਧਾਨ ਦਰਸ਼ਨ ਸਿੰਘ ਨੈਣੇਵਾਲ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਬਣਾਉਣ ਦੀ ਮੰਗ ਕਰਦਿਆਂ ਬੀਜੇਪੀ ਕਿਸਾਨ ਵਿੰਗ ਪੰਜਾਬ ਦੇ ਕਾਰਜਕਾਰੀ ਮੈਂਬਰ ਸ, ਜੋਗਿੰਦਰ ਸਿੰਘ ਖਾਲਸਾ ਨੇ ਕਿਹਾ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀਆਂ ਪੰਜਾਬ ਅਤੇ ਲੋਕ ਭਲਾਈ ਸਕੀਮਾਂ ਦੇ ਕਾਰਨ ਪੰਜਾਬ ਦੇ ਵਾਸੀ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਫਤਵਾ ਦੇਣ ਲਈ ਤਿਆਰ ਬੈਠੇ ਹਨ। ਇਸੇ ਹੀ ਕਰਕੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਸੰਗਰੂਰ ਲੋਕ ਸਭਾ ਹਲਕੇ ਤੋਂ ਮਿਹਨਤੀ ਅਤੇ ਇਮਾਨਦਾਰ ਪਾਰਟੀ ਦੇ ਲਈ ਦਿਨ ਰਾਤ ਮਿਹਨਤ ਕਰਨ ਵਾਲੇ ਦਰਸ਼ਨ ਸਿੰਘ ਨੈਣੇਵਾਲ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਬਣਾਇਆ ਜਾਵੇ। ਉਹਨਾਂ ਕਿਹਾ ਕਿ ਜਦੋਂ ਪੰਜਾਬ ਦੇ ਕਿਸਾਨ ਦਿੱਲੀ ਦੀਆਂ ਸਰਹੱਦਾਂ ਤੇ ਬੈਠੇ ਸਨ ਉਸ ਵਕਤ ਪਿੰਡਾਂ ਵਿੱਚ ਕੋਈ ਵੀ ਵਿਅਕਤੀ ਭਾਰਤੀ ਜਨਤਾ ਪਾਰਟੀ ਦਾ ਨਾਂ ਲੈਣ ਨੂੰ ਤਿਆਰ ਨਹੀਂ ਸੀ। ਪਰ ਦਰਸ਼ਨ ਸਿੰਘ ਨੈਣੇਵਾਲ ਉਸ ਵਕਤ ਪਿੰਡਾਂ ਵਿੱਚ ਜਾ ਕੇ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰ ਰਹੇ ਸਨ। ਉਹਨਾਂ ਨੇ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਮੁੜ ਕੇਡਰ ਖੜਾ ਕੀਤਾ ਉਹਨਾਂ ਦੀ ਮਿਹਨਤ ਨੂੰ ਦੇਖਦਿਆਂ ਹੋਇਆਂ ਪਾਰਟੀ ਨੂੰ ਸੋਚ ਵਿਚਾਰ ਕੇ ਫੈਸਲਾ ਲੈ ਲੈਣਾ ਚਾਹੀਦਾ ਹੈ ਸੰਗਰੂਰ ਲੋਕ ਸਭਾ ਹਲਕੇ ਤੋਂ ਦਰਸ਼ਨ ਸਿੰਘ ਨੈਣੇਵਾਲਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਬਣਾਉਣ ਉਹ ਜਿੱਤਕੇ ਕੇਂਦਰ ਦੇ ਵਿੱਚ ਬਣਨ ਵਾਲੀ ਤੀਸਰੀ ਵਾਰ ਮੋਦੀ ਦੀ ਸਰਕਾਰ ਵਿੱਚ ਆਪਣਾ ਹੈ ਅਹਿਮ ਯੋਗਦਾਨ ਪਾਉਣਗੇ।



ਆਵਾਜ਼ਿ ਕੌਮ AWAZE QAUM International Newspaper & WEB TV

# ਆਪਣੇ ਪਿਤਾ ਦੀ ਯਾਦ ਵਿੱਚ ਡਾ: ਰਾਮਪਾਲ ਸਿੰਘ ਨੇ ਝੁੱਗੀਆਂ ਵਾਲੇ ਬੱਚਿਆਂ ਦੀ ਕੀਤੀ ਮਦਦ, ਟੀਚਰਾਂ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ



ਧੂਰੀ ( ਰਣਜੀਤ ਸਿੰਘ ਪੇਧਨੀ ) ਵੈਟਨਰੀ ਇੰਸਪੈਕਟਰ ਡਾਕਟਰ ਰਾਮਪਾਲ ਸਿੰਘ ਨੇ ਸਮਾਜ ਸੇਵੀ ਭਾਨ ਸਿੰਘ ਜੱਸੀ ( ਜੱਸੀ ਪੇਦਨੀ ) ਦੀ ਅਗਵਾਈ ਅਧੀਨ ਪੜ੍ਹਦੇ ਝੁੱਗੀਆਂ ਝੋਂਪੜੀਆਂ ਵਿੱਚ ਰਹਿਣ ਵਾਲੇ ਗਰੀਬ ਅਤੇ ਹੋਰਨਾ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ , ਖਾਣ ਪੀਣ ਦਾ ਸਮਾਨ ਵੰਡਦਿਆਂ ਮੁੱਖ ਟੀਚਰ ਮੈਡਮ ਬੇਵੀ ਸ਼ਰਮਾ ਅਤੇ ਮੀਨਾਕਸ਼ੀ ਦਾ ਨਗਦ ਰਾਸੀ ਅਤੇ ਮਾਤਾ ਸਵਿਤਰੀ ਦੇਵੀ ਫੂਲੇ ਦੀ ਸ਼ਾਨਦਾਰ ਤਸਵੀਰ ਨਾਲ ਸਨਮਾਨ ਕਰਦਿਆਂ ਆਪਣੇ ਸਵਰਗੀ ਸਤਿਕਾਰਯੋਗ ਪਿਤਾ ਸ: ਗੁਰਦਿਆਲ ਸਿੰਘ ਨੂੰ ਯਾਦ ਕੀਤਾ, ਬਾਪੂ ਜੀ ਸ: ਗੁਰਦਿਆਲ ਸਿੰਘ ਦੀ ਯਾਦ ਵਿੱਚ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਡਾ: ਰਾਮਪਾਲ ਸਿੰਘ ਦੇ ਦੋਸਤ ਡਾ: ਕੇਵਲ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਝੁੱਗੀਆਂ ਵਿੱਚ ਰਹਿਣ ਵਾਲੇ ਇਨਾਂ ਗਰੀਬਾਂ ਦੇ ਬੱਚਿਆਂ ਨੂੰ ਪੜਾਉਣ ਦੀ ਸੇਵਾ ਬੇਹੱਦ ਸਲਾਘਾਯੋਗ ਕੰਮ ਹੈ, ਉਹਨਾਂ ਕਿਹਾ ਕਿ ਡਾ: ਰਾਮਪਾਲ ਸਿੰਘ ਭਵਾਨੀਗੜ੍ਹ ਵਾਂਗ ਹੋਰਨਾਂ ਲੋਕਾਂ ਨੂੰ ਵੀ ਬਾਬੇ ਨਾਨਕ ਜੀ ਦੇ ਸਰਬੱਤ ਦੇ ਭਲੇ ਦੇ ਆਦੇਸ਼ ਨੂੰ ਮੰਨਦਿਆਂ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢਦੇ ਹੋਏ ਇਨਾਂ ਗਰੀਬ ਬੱਚਿਆਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਅੰਤ ਵਿੱਚ ਸਮਾਜ ਸੇਵੀ ਭਾਨ ਸਿੰਘ ਜੱਸੀ ਦੀ ਅਗਵਾਈ ਹੇਠ ਸੰਸਥਾ , ਸ੍ਰੀ ਗੁਰੂ ਨਾਨਕ ਸਲੱਮ ਸੇਵਾ ਮਿਸ਼ਨ ( ਪੰਜਾਬ ) ਵੱਲੋਂ ਡਾ: ਰਾਮਪਾਲ ਸਿੰਘ ਅਤੇ ਆਈਆਂ ਸ਼ਖਸੀਅਤਾਂ ਦਾ ਸਰੋਪਿਓ ਨਾਲ ਸਨਮਾਨ ਕੀਤਾ ਗਿਆ, ਇਸ ਮੌਕੇ ਸਮਾਗਮ ਵਿੱਚ ਮੈਡਮ ਦਿਲਜੀਤ ਕੌਰ , ਮੈਡਮ ਸੁਖਵਿੰਦਰ ਕੌਰ , ਬੇਟਾ ਅਰਸਦੀਪ ਸਿੰਘ , ਸੁਖਵਿੰਦਰ ਸਿੰਘ ਕਲੇਰ , ਮੇਲਾ ਸਿੰਘ , ਗੁਰਪ੍ਰੀਤ ਸਿੰਘ ਕਲੇਰ , ਐਸ.ਡੀ.ਓ ਮਿਹਰ ਸਿੰਘ , ਆਦਿ ਸ਼ਖਸੀਅਤਾਂ ਸਾਮਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸੰਜੀਵ ਬਾਂਸਲ ਵੱਲੋਂ ਮਾਤਾ ਗੁਰਦੇਵ ਕੌਰ ਦੇ ਦੇਹਾਂਤ ’ਤੇ ਦੁੱਖ ਦਾ ਪ੍ਰਗਟਾਵਾ

**ਦਿੜ੍ਹਬਾ/ਨਕੋਦਰ/ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** -ਸਾਹਿਤ ਅਤੇ ਸੱਭਿਆਚਾਰ ਮੰਚ ਦਿੜ੍ਹਬਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਜਾਗਰਣ ਅਖ਼ਬਾਰ ਦੇ ਦਿੜ੍ਹਬਾ ਤੋ ਸੀਨੀਅਰ ਪੱਤਰਕਾਰ ਮਾਸਟਰ ਹਰਮੇਸ਼ ਸਿੰਘ ਮੇਸ਼ੀ ਦੇ ਸਤਿਕਾਰਯੋਗ ਮਾਤਾ ਗੁਰਦੇਵ ਕੌਰ ਜੀ ਦਾ ਪਿਛਲੇ ਦਿਨੀ ਦੇਹਾਂਤ ਹੋ ਗਿਆ ਸੀ । ਬਾਂਸਲ’ਜ ਗਰੁੱਪ ਸੂਲਰ ਘਰਾਟ ਦੇ ਐਮ ਡੀ ਸ੍ਰੀ ਸੰਜੀਵ ਬਾਂਸਲ ਨੇ ਮਾਸਟਰ ਮੇਸ਼ੀ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆ ਕਿਹਾ ਕਿ ਇਨਸਾਨ ਨੂੰ ਮਾਂ ਦੇ ਪਿਆਰ ਦਾ ਬਦਲ ਕਿਸੇ ਰੂਪ ਵਿਚ ਵੀ ਨਹੀਂ ਮਿਲ ਸਕਦਾ। ਮਾਂ ਦਾ ਕਰਜ਼ ਅਸੀ ਕਦੇ ਵੀ ਨਹੀਂ ਉਤਾਰ ਸਕਦੇ ।ਉਹਨਾਂ ਸਤਿਗੁਰੂ ਅੱਗੇ ਅਰਦਾਸ ਕਰਦਿਆ ਕਿਹਾ ਕਿ ਵਿੱਛੜੀ ਆਤਮਾ ਨੂੰ ਅਪਣੇ ਚਰਨਾਂ ਵਿੱਚ ਨਿਵਾਸ ਦੇਵੇ । ਇਸ ਮੌਕੇ ਹੋਰਨਾਂ ਤੋ ਇਲਾਵਾ ਇੰਜ: ਸੁਖਵੰਤ ਸਿੰਘ ਧੀਮਾਨ, ਇੰਡਸਟਰੀ ਚੈਂਬਰ ਦਿੜ੍ਹਬਾ ਦੇ ਪ੍ਰਧਾਨ ਵਿਤੇਸ਼ ਗਰਗ, ਗੁਰਤੇਜ ਸਿੰਘ ਸਰਪੰਚ ਸੂਲਰ ਘਰਾਟ, ਕਿਸਾਨ ਨੇਤਾ ਰਣ ਸਿੰਘ ਚੱਠਾ, ਅੰਤਰਰਾਸ਼ਟਰੀ ਕਬੱਡੀ ਕਮੈਂਟੇਟਰ ਸਤਪਾਲ ਸਿੰਘ ਮਾਹੀ ਆਦਿ ਨੇ ਵੀ ਮਾਸਟਰ ਹਰਮੇਸ਼ ਸਿੰਘ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ।



ਆਵਾਜ਼ਿ ਕੌਮ AWAZE QAUM International Newspaper & WEB TV

ਬਦਲੀਆਂ ਵਫਾਦਾਰੀਆਂ

# ਕਾਂਗਰਸ ਨੂੰ ਝੱਟਕਾਂ, ਸੈਂਕੜੇ ਲੋਕ ਬਦੋਵਾਲ 'ਚ ਨੈਸ਼ਨਲ ਯੂਥ ਪਾਰਟੀ 'ਚ ਹੋਏ ਸ਼ਾਮਲ



**ਮਹਿਤਾ ਚੌਕ, 12 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿੰਡ ਬਦੋਵਾਲ 'ਚ ਕਾਂਗਰਸ ਨੂੰ ਉਸ ਵੇਲੇ ਭਾਰੀ ਝੱਟਕਾ ਲੱਗਾ ਜਦੋਂ ਮੌਜੂਦਾ ਮੈਂਬਰ ਪੰਚਾਇਤ ਹਰਮੇਜ ਸਿੰਘ ਸਾਥੀਆਂ ਸਮੇਤ ਨੈਸ਼ਨਲ ਯੂਥ ਪਾਰਟੀ ਪੰਜਾਬ 'ਚ ਸ਼ਾਮਲ ਹੋ ਗਏ।

ਦੱਸਣਾ ਬਣਦਾ ਹੈ ਕਿ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਨੈਸ਼ਨਲ ਯੂਥ ਪਾਰਟੀ ਦੇ ਉਮੀਦਵਾਰ ਸ੍ਰ ਗੁਰਵਿੰਦਰ ਸਿੰਘ ਮਨੂੰ ਭੱਟੀ ਦੀ ਪ੍ਰੇਰਨਾ ਸਦਕਾ ਬੱਦੋਵਾਲ ਪਿੰਡ 'ਚ ਬਹੁ ਗਿਣਤੀ ਲੋਕ ਦੂਸਰੀਆਂ ਪਾਰਟੀਆਂ ਨੂੰ ਅਲਵਿਦਾ ਕਹਿ ਮਨੂੰ ਭੱਟੀ ਦੀ ਹਮਾਇਤ 'ਚ ਆ ਗਏ ਹਨ। ਇਸ ਇਕੱਤਰਤਾ ਨੂੰ ਸੰਬੋਧਨ ਕਰਦੇ ਹੋਏ ਨੈਸ਼ਨਲ ਯੂਥ ਪਾਰਟੀ ਪੰਜਾਬ ਦੇ ਪ੍ਰਧਾਨ ਸ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਪਿੱਛਲੀਆਂ ਸਰਕਾਂਰਾਂ ਤੇ ਮੌਜੂਦਾ ਸਰਕਾਰ ਦੀ ਲੋਕ ਵਿਰੋਧੀ ਨੀਤੀਆਂ ਤੋਂ ਤੰਗ ਹੋਕੇ ਪਿੰਡਾਂ 'ਚ ਹੁਣ ਲੋਕਾਂ ਨੇ ਨੈਸ਼ਨਲ ਯੂਥ ਪਾਰਟੀ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾ ਨੇ ਕਿਹਾ ਕਿ ਸਾਡਾ ਟੀਚਾ ਆਮ ਲੋਕਾਂ ਨੂੰ ਹੱਕ ਲੈਕੇ ਦੇਣਾ ਹੈ ਉਨ੍ਹਾ ਨੇ ਕਿਹਾ ਕਿ ਜੇਕਰ ਨੈਸ਼ਨਲ ਯੂਥ ਪਾਰਟੀ 2024 ਦੀਆਂ ਚੋਣਾਂ 'ਚ ਲੋਕ ਸਭਾ ਤੱਕ ਪਹੁੰਚਣ 'ਚ ਸਫਲ ਹੋ ਜਾਂਦੀ ਹੈ ਤਾਂ ਫਿਰ ਪੰਜਾਬ ਦੇ ਪੈਂਡਿੰਗ ਮਾਮਲਿਆਂ ਨੂੰ ਨਜਿੱਠਣ ਅਤੇ ਪੰਜਾਬ ਦੀ ਖੁਦ ਮੁਖਤਿਆਰੀ ਨੂੰ ਬਹਾਲ ਕਰਾਉਂਣ ਲਈ ਜਿਥੇ ਵਿਧਾਨਿਕ ਤਾਕਤ ਤੇ ਅਧਿਕਾਰ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਵੇਗੀ ਉਥੇਂ ਰਸੂਖ ਤੋਂ ਵੀ ਕੰਮ ਲਿਆ ਜਾਵੇਗਾ। ਉਨ੍ਹਾ ਨੇ ਕਿਹਾ ਕਿ ਸਾਡਾ ਟੀਚਾ ਰਾਖਵੀਂ ਸ਼੍ਰੇਣੀ 'ਚ ਆਉਂਦੀਆਂ ਜਾਤੀਆਂ ਦੇ ਪੜੇ ਲਿਖੇ ਬੱਚਿਆਂ ਲਈ ਕੇਂਦਰੀ ਵਿਭਾਗਾਂ 'ਚ ਭਰਤੀ ਦੇ ਕੋਟੇ 'ਚ ਵਾਧਾ ਕਰਾਉਂਣਾ ਅਤੇ ਪੰਜਾਬੀ ਬੱਚਿਆਂ ਦੀ ਹੋਰਨਾ ਸੂਬਿਆਂ 'ਚ ਸਰਕਾਰੀ ਮਹਿਕਮਿਆਂ 'ਚ ਭਰਤੀ ਨੂੰ ਯਕੀਨੀ ਬਣਾਇਆ ਜਾਵੇਗਾ। ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸਹਾਈ ਹੁੰਦੇ ਪ੍ਰਸਤਾਵ ਪਾਸ ਕਰਵਾਉਂਣ ਲਈ ਪੂਰਾ ਟਿੱਲ ਲਾਇਆ ਜਾਵੇਗਾ ਇਸ ਮੀਟਿੰਗ ਨੂੰ ਨੈਸ਼ਨਲ ਯੂਥ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਸ੍ਰ ਉਕਾਂਰ ਸਿੰਘ ਸਾਨੂੰ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ ਨੈਸ਼ਨਲ ਯੂਥ ਪਾਰਟੀ ਪੰਜਾਬ 'ਚ ਪੰਜਾਬ ਦੇ ਲੋਕਾਂ ਲਈ ਹਮਦਰਦ ਬਣ ਕੇ ਉਭਰੇਗੀ ।ਉਨ੍ਹਾ ਨੇ ਕਿਹਾ ਕਿ ਅਸੀਂ ਪੰਜਾਬ ਭਰ 'ਚ ਨੁੱਕੜ ਮੀਟਿੰਗਾਂ ਕਰਕੇ ਲੋਕਾਂ ਨੂੰ ਲਾਮਬੰਦ ਕਰ ਰਹੇ ਹਾਂ ਕਿ ਦਿਸ਼ਾਹੀਣ ਹੋ ਚੁੱਕੀਆਂ ਰਵਾਇਤੀ ਰਾਜਨੀਤਕ ਪਾਰਟੀਆਂ ਨੂੰ ਚੱਲਦਾ ਕਰਨ ਲਈ ਲੋਕ ਮਨ ਬਣਾ ਲੈਣ ਤਾਂ ਕਿ ਆਉਂਣ ਵਾਲੇ ਸਮੇਂ 'ਚ ਨੈਸ਼ਨਲ ਯੂਥ ਪਾਰਟੀ ਪੰਜਾਬ ਦੇ ਲੋਕਾਂ ਦੀ ਯੋਗ ਅਗਵਾਈ ਕਰ ਸਕੇ। ਇਸ ਮੌਕੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਦੇ ਇੰਚਾਰਜ਼ ਸ੍ਰ ਗੁਰਵਿੰਦਰ ਸਿੰਘ ਮਨੂੰ ਭੱਟੀ,ਮਨਪ੍ਰੀਤ ਸਿੰਘ ਗਿੱਲ,ਬਿਕਰਮਜੀਤ ਸਿੰਘ ਬਿੱਕਾ,ਜਸ਼ਨਪ੍ਰੀਤ ਸਿੰਘ,ਜਰਮਨ ਸਿੰਘ,ਸਾਜਨ ਸਿੰਘ,ਕੁਲਵੰਤ ਸਿੰਘ,ਜਸਪਾਲ ਸਿੰਘ,ਸਨਮਦੀਪ ਸਿੰਘ,ਵਿਸ਼ਾਲ ਸਿੰਘ,ਹਰਤਿੰਦਰ ਸਿੰਘ ਆਦਿ ਹਾਜਰ ਸਨ।

**☛ ਪੰਜਾਬ ਦੀ ਖੁਦ-ਮੁਖਤਿਆਰੀ ਕਰਾਂਵਾਂਗੇ ਬਹਾਲ : ਗਿੱਲ ☛ ਪੰਜਾਬ ਦੇ ਲੋਕਾਂ ਨੂੰ ਲਾਮਬੰਦ ਕਰ ਰਹੇ ਹਾਂ : ਸੋਨੂੰ ☛ ਮਨੂੰ ਭੱਟੀ ਦੇ ਹੱਕ 'ਚ ਆਏ ਸੈਂਕੜੇ ਵਰਕਰ**

# ਵੱਡੀ ਗਿਣਤੀ ਦਿੱਲੀ ਦੇ ਮੋਰਚੇ ਵਿਚ ਸ਼ਾਮਿਲ ਹੋਣਗੇ ਕਿਸਾਨ



ਫ਼ਿਰੋਜ਼ਪੁਰ, 12 ਮਾਰਚ (ਮਨੋਹਰ ਲਾਲ) :— ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲਾ ਫਿਰੋਜ਼ਪੁਰ ਦੀ ਮਹੀਨਾਵਾਰੀ ਮੀਟਿੰਗ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਜ਼ਿਲਾ ਪ੍ਰਧਾਨ ਦਰਸ਼ਨ ਸਿੰਘ ਕੜਮਾਂ ਦੀ ਅਗਵਾਈ ਹੇਠ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਕੀਤੀ ਗਈ। ਇਸ ਮੌਕੇ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ 14 ਮਾਰਚ ਨੂੰ ਦਿੱਲੀ ਵਿਖੇ ਹੋਣ ਵਾਲੀ ਮਹਾਂ ਪੰਚਾਇਤ ਵਿੱਚ ਜ਼ਿਲਾ ਫਿਰੋਜ਼ਪੁਰ ਦੇ ਸੈਂਕੜੇ ਕਿਸਾਨ ਪੰਜਾਬ ਮੇਲ ਰਾਹੀਂ 13 ਮਾਰਚ ਨੂੰ ਫਿਰੋਜ਼ਪੁਰ ਕੈਂਟ ਰੇਲਵੇ ਸਟੇਸ਼ਨ ਤੋਂ ਕਾਫਲੇ ਦੇ ਰੂਪ ਵਿੱਚ ਜਾਇਆ ਜਾਏਗਾ। ਉਨ੍ਹਾਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲਾ ਫਿਰੋਜ਼ਪੁਰ ਵੱਲੋਂ ਡੱਬਵਾਲੀ ਬਾਰਡਰ ਉਪਰ ਚਲ ਰਹੇ ਪੱਕੇ ਮੋਰਚੇ ਵਿਚ ਬਲਾਕ ਟੀਮਾਂ ਦੀਆਂ ਡਿਊਟੀਆਂ ਲਗਾ ਕੇ ਮੋਰਚੇ ਵਿਚ ਵੱਧ ਤੋਂ ਵੱਧ ਗਿਣਤੀ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ, ਬਲਾਕ ਆਗੂਆਂ ਵੱਲੋਂ ਜਥੇਬੰਦੀ ਨੂੰ ਵਿਸ਼ਵਾਸ਼ ਦਿਵਾਇਆ ਗਿਆ ਕਿ ਡੱਬਵਾਲੀ ਮੋਰਚੇ ਵਿਚ ਗਿਣਤੀ ਨੂੰ ਲਗਾਤਾਰ ਬਰਕਰਾਰ ਰੱਖਿਆ ਜਾਵੇਗਾ, ਜਥੇਬੰਦੀ ਵੱਲੋਂ ਦਿਤੇ ਹੋਏ ਪ੍ਰੋਗਰਾਮ ਦਾ ਰਿਵਿਊ ਲਿਆ ਗਿਆ, ਜਿਸ ਵਿੱਚ ਜਥੇਬੰਦੀ ਵੱਲੋਂ ਸਾਰੇ ਸਾਂਝੇ ਪ੍ਰੋਗਰਾਮ ਵਿੱਚ ਵੱਧ ਚੜ ਕੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਜ਼ਿਲਾ ਪ੍ਰਧਾਨ ਦੀ ਚੋਣ ਕੀਤੀ ਗਈ ਪਿਛਲੇ 4 ਫਰਵਰੀ 2023 ਤੋਂ ਦਰਸ਼ਨ ਸਿੰਘ ਕੜਮਾਂ ਨੂੰ ਜ਼ਿਲਾ ਪ੍ਰਧਾਨ ਦਾ ਅਹੁਦਾ ਸੌਪਿਆ ਗਿਆ ਸੀ, ਲੇਕਿਨ ਦਰਸ਼ਨ ਸਿੰਘ ਦੀਆਂ ਆਪਣੇ ਘਰ ਦੀਆਂ ਮੁਸ਼ਿਕਲ ਨੂੰ ਮੁੱਖ ਰੱਖਦਿਆਂ ਹੋਇਆਂ ਸਾਰਿਆਂ ਦੀ ਸਹਿਮਤੀ ਨਾਲ ਜ਼ਿਲਾ ਪ੍ਰਧਾਨ ਦਾ ਅਹੁਦਾ ਜੰਗੀਰ ਸਿੰਘ ਖਹਿਰਾ ਨੂੰ ਸੌਪਿਆ ਗਿਆ ਅਤੇ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਖਾਲੀ ਹੋਣ ਕਾਰਨ ਦਰਸ਼ਨ ਸਿੰਘ ਕੜਮਾਂ ਨੂੰ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਸੌਪਿਆ ਗਿਆ। ਇਸ ਮੌਕੇ ਪਰਨੀਤ ਸਿੰਘ ਭੜਾਣਾ ਨੂੰ ਜ਼ਿਲਾ ਮੈਂਬਰ, ਬਗੀਚਾ ਸਿੰਘ ਜ਼ਿਲਾ ਮੈਂਬਰ, ਸ਼ਮਸ਼ੇਰ ਸਿੰਘ, ਜ਼ਿਲਾ ਜਨਰਲ ਸਕੱਤਰ ਗੁਲਜ਼ਾਰ ਸਿੰਘ ਜ਼ਿਲਾ ਪ੍ਰੈੱਸ ਸਕੱਤਰ ਲਖਵੀਰ ਸਿੰਘ ਡੋਡ ਸਹਿਜਾਦੀ ਗੁਰੂ ਹਰ ਸਹਾਏ 1 ਬਲਾਕ ਪ੍ਰਧਾਨ ਅਸ਼ੋਕ ਕੁਮਾਰ ਜੰਡ ਵਾਲਾ ਨਾਨਕ ਚੰਦ ਇਕਬਾਲ ਸਿੰਘ ਸੰਦੀਪ ਸਿੰਘ ਗੁਰੂਹਰਸਹਾਏ 2 ਬਲਾਕ ਤੋਂ ਬਲਾਕ ਪ੍ਰਧਾਨ ਮਾਸਟਰ ਪੂਰਨ ਚੰਦ ਮੰਗਲ ਦਾਸ ਸੁਖਦੇਵ ਢੋਟ ਮਲਕੀਤ ਸਿੰਘ ਬੂੜ ਸਿੰਘ ਸ਼ਿਆਮ ਲਾਲ ਸੋਨੂੰ ਨੰਬਰਦਾਰ ਮਮਦੋਟ ਬਲਾਕ ਤੋਂ ਬਲਾਕ ਜਨਰਲ ਸਕੱਤਰ ਹਰਬੰਸ ਸਿੰਘ ਜੋਧਪੁਰ ਜੁਗਰਾਜ ਸਿੰਘ ਗੱਟੀ ਜਗਤਾਰ ਸਿੰਘ ਭੱਟੀਆ ਮਹਿਲ ਸਿੰਘ ਸੋਨੂੰ ਰਿੰਕੂ ਕੜਮਾਂ ਹਰਜੀਤ ਸਿੰਘ ਗੱਟੀ ਜ਼ੀਰਾ ਬਲਾਕ ਤੋਂ ਬਲਜਿੰਦਰ ਸਿੰਘ ਨਵਨੀਤ ਸਿੰਘ ਜਗਤਾਰ ਸਿੰਘ ਗੁਰਪ੍ਰੀਤ ਸਿੰਘ ਹਰਵਿੰਦਰ ਸਿੰਘ ਸੇਵਾ ਸਿੰਘ ਘੱਲ ਬਲਾਕ ਤੋਂ ਬਲਾਕ ਪ੍ਰਧਾਨ ਸਾਹਿਬ ਸਿੰਘ ਵਾੜਾ ਭਾਈ ਕਾ ਜਸਵੰਤ ਸਿੰਘ ਅੰਮ੍ਰਿਤਪਾਲ ਸਿੰਘ ਰੇਸ਼ਮ ਸਿੰਘ ਆਦਿ ਹਾਜ਼ਰ ਸਨ।

# ਸਿਹਤ ਸੇਵਾਵਾਂ ਵਿਚ ਨਿਖਾਰ ਲਿਆਉਣ ਲਈ ਆਸ਼ਾ ਅਤੇ ਆਸ਼ਾ ਫੈਸਿਲੀਟੇਟਰਾਂ ਦੀ 6 ਰੋਜਾ ਟਰੇਨਿੰਗ ਵਰਕਸ਼ਾਪ ਦਾ ਕੀਤਾ ਆਰੰਭ



**ਚੌਕ ਮਹਿਤਾ, 12 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਡਾ ਵਿਜੇ ਕੁਮਾਰ ਜੀ ਵਲੋਂ ਸਿਹਤ ਸੇਵਾਵਾਂ ਵਿਚ ਨਿਖਾਰ ਲਿਆਓਣ ਲਈ ਆਸ਼ਾ ਅਤੇ ਆਸ਼ਾ ਫੈਸਿਲੀਟੇਟਰਾਂ ਦੀ 6 ਰੋਜਾ ਟਰੇਨਿੰਗ ਵਰਕਸ਼ਾਪ ਦਾ ਆਰੰਭ ਦਫਤਰ ਸਿਵਲ ਸਰਜਨ ਅਨੈਕਸੀ ਹਾਲ ਵਿਖੇ ਤੋਂ ਕੀਤਾ ਗਿਆ। ਇਸ ਮੌਕੇ ਉਹਨਾਂ ਕਿਹਾ ਕਿ ਆਸ਼ਾ ਵਰਕਰਾਂ ਦੇ ਕੰਮ ਵਿਚ ਸੁਧਾਰ ਲਿਆਓਣ ਲਈ ਇਹ 6 ਰੋਜਾ ਟਰੇਨਿੰਗਾਂ ਪੂਰੇ ਜਿਲ੍ਹੇ ਭਰ ਵਿਚ ਜਿਲਾ੍ ਅਤੇ ਬਲਾਕ ਪੱਧਰ ਤੇ ਦਿਤੀਆਂ ਜਾ ਰਹੀਆਂ ਹਨ, ਇਹਨਾਂ ਵਿਚ ਮਾਹਰ ਟੀ.ਓ.ਟੀ. (ਟ੍ਰੇਨਰਾਂ) ਵਲੋਂ ਵੱਖ-ਵੱਖ ਸਿਹਤ ਪ੍ਰੋਗਰਾਮਾਂ ਅਤੇ ਸਕੀਮਾ ਸੰਬਧੀ ਬੜੇ ਵਿਸਥਾਰ ਨਾਲ ਸਿਖਲਾਈ ਦਿੱਤੀ ਜਾ ਰਹੀ ਹੈ ਜਿਲਾ੍ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ ਨੇ ਕਿਹਾ ਕਿ ਇਸ ਟਰੇਨਿੰਗ ਦੌਰਾਣ ਮੈਂਟਲ ਹੈਲਥ ਐਂਡ ਡਿਸਆਡਰ, ਐਲਡਰਲੀ ਕੇਅਰ, ਘਰੇਲੂ ਨਰਸਿੰਗ ਕੇਅਰ, ਐਮਰਜੈਂਸੀ ਫਸਟ ਏਡ ਅਤੇ ਸਾਰੇ ਕੌਮੀ ਸਿਹਤ ਪ੍ਰੋਗਰਾਮਾਂ ਬਾਰੇ ਬੜੇ ਹੀ ਵਿਸਥਾਰ ਨਾਲ ਸਿਖਿਆ ਦਿਤੀ ਜਾਵੇਗੀ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ ਰਜਿੰਦਰ ਪਾਲ ਕੌਰ, ਜਿਲਾ੍ ਮਾਸ ਮੀਡੀਆ ਅਫਸਰ ਰਾਜ ਕੌਰ, ਜਿਲਾ੍ ਐਮ.ਈ.ਆਈ.ਆਈ.ਓ. ਅਮਰਦੀਪ ਸਿੰਘ, ਅੰਨੂ ਚੌਹਾਣ, ਸੰਦੀਪ ਜਿਆਣੀ ਅਤੇ ਸਮੂਹ ਸਟਾਫ ਹਾਜਰ ਸਨ।

# ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਦੀ ਹੋਈ ਹੰਗਾਮੀ

ਫ਼ਿਰੋਜ਼ਪੁਰ, 12 ਮਾਰਚ (ਮਨੋਹਰ ਲਾਲ) :— ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਰਜਿਸਟਰ ਫਿਰੋਜ਼ਪੁਰ ਦੀ ਜਨਰਲ ਮੀਟਿੰਗ ਪ੍ਰਧਾਨ ਭਾਈ ਹਰਮੀਤ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਬਾਵਿਆਂ ਵਿਖੇ ਹੋਈ। ਇਸ ਮੀਟਿੰਗ ਦੌਰਾਨ ਮਹਿੰਗਾਈ ਨੂੰ ਮੁੱਖ ਰੱਖਦਿਆਂ ਭੇਂਟਾ ਵਧਾਉਣ ਤੇ ਵਿਚਾਰ—ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਭੇਟਾ 7100, ਸ੍ਰੀ ਸਹਿਜ ਪਾਠ ਦੀ ਭੇਟਾ 7100, ਸ੍ਰੀ ਸੁਖਮਨੀ ਸਾਹਿਬ ਜੀ ਦੀ ਭੇਟਾ 1800 ਰੁਪਏ, ਆਨੰਦ ਕਾਰਜ ਦੀ ਭੇਟਾ 1800 ਰੁਪਏ ਅਤੇ ਕਿਸੇ ਵੀ ਪ੍ਰੋਗਰਾਮ ਤੇ ਕੀਰਤਨ ਕਰਵਾਉਣ ਦੀ ਭੇਟਾ 2500 ਰੁਪਏ ਮੁਕਰਰ ਕੀਤੀ ਗਈ। ਗ੍ਰੰਥੀ ਪਾਠੀ ਸਭਾ ਦੀ ਮੀਟਿੰਗ ਵਿਚ ਇਹ ਨਿਰਣਾ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਸਭਾ ਦੇ ਪ੍ਰਧਾਨ ਭਾਈ ਹਰਮੀਤ ਸਿੰਘ ਨੇ ਕਿਹਾ ਕਿ ਸਭਾ ਵੱਲੋਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮਹਿੰਗਾਈ ਨੂੰ ਮੁੱਖ ਰੱਖਦਿਆਂ ਗ੍ਰੰਥੀ ਅਤੇ ਪਾਠੀ ਸਿੰਘਾਂ ਦੇ ਪਰਿਵਾਰਕ ਜੀਵਨ ਦੀ ਲੋੜ ਨੂੰ ਪੂਰਾ ਕਰਨ ਲਈ ਇਹ ਭੇਟਾ ਵਿਚ ਕੀਤੇ ਗਏ ਵਾਧੇ ਨੂੰ ਅਹਿਮੀਅਤ ਦਿੱਤੀ ਜਾਵੇ ਤਾਂ ਜ਼ੋ ਗ੍ਰੰਥੀ—ਪਾਠੀ ਦੇ ਪਰਿਵਾਰ ਵੀ ਅਜੋਕੀ ਮਹਿੰਗਾਈ ਦੇ ਦੌਰ ਵਿਚ ਆਪਣਾ ਜੀਵਨ ਬਸਰ ਕਰ ਸਕਣ। ਉਨ੍ਹਾਂ ਕਿਹਾ ਕਿ ਉਮੀਦ ਕਰਦੇ ਹਾਂ ਕਿ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਗੁਰੂ ਕੀ ਸੰਗਤ ਇਸ ਨੂੰ ਪ੍ਰਵਾਨ ਕਰਨਗੇ।ਮੀਟਿੰਗ ਦੌਰਾਨ ਪ੍ਰਧਾਨ ਭਾਈ ਹਰਮੀਤ ਸਿੰਘ, ਮੀਤ ਪ੍ਰਧਾਨ ਭਾਈ ਕੁਲਵੰਤ ਸਿੰਘ, ਵਾਈਸ ਚੇਅਰਮੈਨ ਹਰਭਜਨ ਸਿੰਘ, ਸਕੱਤਰ ਭਾਈ ਅਵਤਾਰ ਸਿੰਘ ਫੌਜੀ, ਖਜਾਨਚੀ ਭਾਈ ਗੁਰਵਿੰਦਰ ਸਿੰਘ ਸਰਹਾਲੀ, ਸਲਾਹਕਾਰ ਭਾਈ ਗੁਰਦੇਵ ਸਿੰਘ, ਸਟੇਜ ਸਕੱਤਰ ਭਾਈ ਗੁਰਪ੍ਰੀਤ ਸਿੰਘ, ਪ੍ਰੈਸ ਸਕੱਤਰ ਭਾਈ ਸੁਖਚੈਨ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਸਮਰੱਥ ਸਿੰਘ, ਭਾਈ ਅੰਮ੍ਰਿਤਪ੍ਰੀਤ ਸਿੰਘ, ਭਾਈ ਬਸੰਤ ਸਿੰਘ, ਭਾਈ ਹਰਭਜਨ ਸਿੰਘ ਭੇਜਾ, ਭਾਈ ਅਸ਼ਪਾਲ ਸਿੰਘ, ਭਾਈ ਮੇਜਰ ਸਿੰਘ, ਭਾਈ ਕੁਲਬੀਰ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਗੁਰਮੀਤ ਸਿੰਘ ਅਤੇ ਹੋਰ ਮੈਂਬਰ ਸਾਹਿਬਾਨ ਮੌਜੂਦ ਸਨ।



# ਦਿੱਲੀ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰਨ ਦਾ ਕੀਤਾ ਸਵਾਗਤ

## ਦੂਜੇ ਦੇਸ਼ਾਂ ਤੋਂ ਉਜੜ ਕੇ ਆਏ ਘੱਟ ਗਿਣਤੀ ਸਿੱਖ ਪਰਿਵਾਰਾਂ ਨੂੰ ਵੱਡਾ ਲਾਭ ਮਿਲੇਗਾ: ਕਾਲਕਾ, ਕਾਹਲੋਂ

**ਨਵੀਂ ਦਿੱਲੀ, 12 ਮਾਰਚ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ) ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਨ ਦਾ ਸਵਾਗਤ ਕੀਤਾ ਹੈ ਤੇ ਕਮੇਟੀ ਨੇ ਕਿਹਾ ਹੈ ਕਿ ਇਹ ਐਕਟ ਲਾਗੂ ਹੋਣ ਨਾਲ ਪਾਕਿਸਤਾਨ, ਬੰਗਾਲਾਦੇਸ਼ ਤੇ ਅਫਗਾਨਿਸਤਾਨ ਆਦਿ ਮੁਲਕਾਂ ਤੋਂ ਆਏ ਘੱਟ ਗਿਣਤੀ ਪਰਿਵਾਰ ਖਾਸ ਤੌਰ 'ਤੇ ਸਿੱਖਾਂ, ਹਿੰਦੂਆਂ, ਪਾਰਸੀ, ਜੈਨੀ, ਬੋਧੀ ਤੇ ਇਸਾਈਆਂ ਨੂੰ ਵੱਡਾ ਲਾਭ ਮਿਲੇਗਾ ਤੇ ਉਹਨਾਂ ਦਾ ਜੀਵਨ ਮੁੜ ਲੀਹ 'ਤੇ ਪਵੇਗਾ ।ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਇਹ ਐਕਟ ਦਾ ਖਰੜਾ ਤਿਆਰ ਹੋਣ ਵੇਲੇ ਕਮੇਟੀ ਨੇ ਸਿੱਖਾਂ ਦਾ ਨਾਂ ਇਸ ਵਿਚ ਸ਼ਾਮਲ ਕਰਵਾਉਣ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ ਸਨ ਤੇ ਹੁਣ ਐਕਟ ਲਾਗੂ ਹੋਣ ਨਾਲ ਇਹਨਾਂ ਸਿੱਖ ਪਰਿਵਾਰਾਂ ਨੂੰ ਵੱਡਾ ਲਾਭ ਮਿਲੇਗਾ। ਉਹਨਾਂ ਕਿਹਾ ਕਿ ਪਾਕਿਸਤਾਨ ਤੇ ਖਾਸ ਤੌਰ 'ਤੇ ਅਫਗਾਨਿਸਤਾਨ ਵਿਚ ਸਿੱਖ ਪਰਿਵਾਰ ਬਹੁਤ ਪੀੜਤ ਸਨ ਜਿਹਨਾਂ ਨੂੰ ਉਥੇ ਦੇ ਮਾਫੀਆ ਤੰਗ ਕਰਦੇ ਸਨ ਤੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਸਿੱਖ ਗੁਰਧਾਮਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਤੇ ਪਰਿਵਾਰਾਂ ਦੀ ਲੁੱਟ ਖਸੁੱਟ ਕੀਤੀ ਗਈ ।ਉਹਨਾਂ ਕਿਹਾ ਕਿ ਅਜਿਹੇ ਸਾਰੇ ਪਰਿਵਾਰਾਂ ਨੂੰ ਪਿਛਲੇ ਸਮੇਂ ਵਿਚ ਅਸੀਂ ਦੇਸ਼ ਵਿਚ ਤਾਂ ਲੈ ਆਏ ਸੀ ਪਰ ਇਹ ਪਰਿਵਾਰ ਇਥੇ ਨਾ ਤਾਂ ਆਪਣੇ ਕਾਰੋਬਾਰ ਕਰ ਪਾ ਰਹੇ ਸਨ ਤੇ ਨਾ ਹੀ ਇਹਨਾਂ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਰਹੀਆਂ ਸਨ। ਉਹਨਾਂ ਕਿਹਾ ਕਿ ਹੁਣ ਜਦੋਂ ਇਹ ਐਕਟ ਲਾਗੂ ਹੋ ਗਿਆ ਹੈ ਤਾਂ ਪਰਿਵਾਰਾਂ ਨੂੰ ਨਾਗਰਿਕਤਾ ਵੀ ਮਿਲੇਗੀ ਅਤੇ ਹੋਰ ਸਹੂਲਤਾਂ ਵੀ ਮਿਲਣਗੀਆਂ ਤੇ ਇਹ ਪਰਿਵਾਰ ਆਪਣੇ ਕਾਰੋਬਾਰ ਵੀ ਕਰ ਸਕਣਗੇ ਤੇ ਇਹਨਾਂ ਦੇ ਬੱਚੇ ਵੀ ਸੈਟ ਹੋ ਸਕਣਗੇ ਤੇ ਵਿਦਿਅਕ ਅਦਾਰਿਆਂ ਵਿਚ ਦਾਖਲੇ ਵੀ ਲੈ ਸਕਣਗੇ ।ਉਹਨਾਂ ਕਿਹਾ ਕਿ ਅਸੀਂ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੇ ਧੰਨਵਾਦੀ ਹਨ ਜਿਹਨਾਂ ਦੇ ਉਪਰਾਲਿਆਂ ਯਤਨਾਂ ਇਹ ਐਕਟ ਲਾਗੂ ਹੋਇਆ ਹੈ। ਉਹਨਾਂ ਨੇ ਭਰੋਸਾ ਦੁਆਇਆ ਕਿ ਹੁਣ ਵੀ ਦਿੱਲੀ ਕਮੇਟੀ ਵੱਲੋਂ ਅਸੀਂ ਪੂਰਨ ਸਹਿਯੋਗ ਦਿਆਂਗੇ ਤਾਂ ਜੋ ਇਹਨਾਂ ਸਿੱਖ ਪਰਿਵਾਰਾਂ ਨੂੰ ਨਾਗਰਿਕਤਾ ਤੇ ਹੋਰ ਸਹੂਲਤਾਂ ਮਿਲ ਸਕਣ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸ੍ਰੀ ਗੁਰੂ ਗ੍ਰੰਥ ਸਹਿਬ ਜੀ ਸੇਵਾ ਕੇਂਦਰ

## ਗੁਰਮਤਿ ਵਿਦਿਆਲਾ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁੱਖੀ ਦਮਦਮੀ ਟਕਸਾਲ ਯਾਦਗਾਰੀ ਅਸਥਾਨ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ

### ਨਵਾਂ ਗੁਰਮਤਿ ਵਿਦਿਆਲਾ ਅਤੇ ਖੇਡ ਸਹੂਲਤਾਂ ਦੇ ਪ੍ਰੋਜੈਕਟ

ਦਮਦਮੀ ਟਕਸਾਲ ਜਥਾ ਭਿੰਡਰਾਂ ਯੂ ਕੇ

24 ਦਸੰਬਰ 2021 ਨੂੰ ਦਮਦਮੀ ਟਕਸਾਲ ਜਥਾ (ਯੂ.ਕੇ. & ਯੂਰਪ) ਦੀ ਨੁਮਾਇੰਦਗੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਧਸੰਗਤ ਦੀ ਹਜ਼ੂਰੀ ਵਿਚ ਪੰਜ ਸਿੰਘਾਂ ਦੀ ਨਿਯੁਕਤੀ ਕੀਤੀ ਗਈ ਸੀ।

ਪਿਛਲੇ 2 ਸਾਲਾਂ ਤੋਂ ਸੇਵਾਦਾਰ ਇੱਕ ਜਗ੍ਹਾ ਦੀ ਖੋਜ ਕਰ ਰਹੇ ਸਨ ਜਿੱਥੇ ਗੁਰਮਤਿ ਵਿਦਿਆਲਾ ਬਣੇ ਅਤੇ ਸਪੋਰਟਸ ਦੀਆਂ ਸਹੂਲਤਾਂ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਅਸਥਾਨ ਬਣਾਉਣ ਲਈ ਜਗ੍ਹਾ ਦੀ ਭਾਲ ਕਰ ਰਹੇ ਸੀ ਜੋ ਹੁਣ ਸਾਨੂੰ ਲੱਭ ਗਈ ਹੈ ਅਤੇ ਹੁਣ ਖਰੀਦਣ ਲਈ ਯਤਨ ਜਾਰੀ ਹਨ।

ਵੈਸਟ ਮਿਡਲੈਂਡਜ਼ ਵਿੱਚ, M5 ਮੋਟਰਵੇਅ 'ਤੇ ਜੰਕਸ਼ਨ 2 ਤੋਂ ਇੱਕ ਮੀਲ ਦੀ ਦੂਰੀ ਤੇ ਇਹ ਜਗ੍ਹਾ ਹੈ ਜਿਸ ਵਿਚ ਘਾਹ ਪਾਰਕ, ਫੁੱਟਬਾਲ ਪਿੱਚ ਅਤੇ ਇਮਾਰਤ ਸਮੇਤ 4.6 ਏਕੜ ਜਗ੍ਹਾ ਹੈ (ਜੋ ਪਹਿਲਾਂ ਸਮਾਜਿਕ ਅਤੇ ਖੇਡ ਕਲੱਬ ਵਜੋਂ ਵਰਤਿਆ ਜਾਂਦਾ ਸੀ)।

ਜਗ੍ਹਾ ਨੂੰ ਖਰੀਦਣ ਦੇ ਤਿੰਨ ਮੁੱਖ ਕਾਰਣ ਹਨ:

1. ਗੁਰਬਾਣੀ ਦੀ ਸੰਥਿਆ, ਕਥਾ, ਕੀਰਤਨ ਅਤੇ ਗਤਕਾ ਸਿਖਾਉਣ ਲਈ ਗੁਰਮਤਿ ਵਿਦਿਆਲਾ ਜਿੱਥੇ ਸਿਖਾਏ ਉਸਤਾਦ ਕਾਬਿਲ ਦੇ ਪਾਠੀ, ਗਿਆਨੀ, ਰਾਗੀ, ਗਤਕਾ ਖਿਡਾਰੀ ਤਿਆਰ ਕਰ ਸਕਣ ਅਤੇ ਸਾਡੇ ਬੱਚੇ ਪਵਿੱਤਰ ਗੁਰਮਤਿ ਵਿੱਦਿਆ ਹਾਸਲ ਕਰ ਸਕਣ। ਇਸ ਤੋਂ ਇਲਾਵਾ ਇੱਕ ਵਿੱਦਿਅਕ ਸੈਂਟਰ ਜਿੱਥੇ ਬੱਚਿਆਂ ਨੂੰ ਗੁਰਮੁਖੀ ਅਤੇ ਪੰਜਾਬੀ ਦੇ ਨਾਲ ਦੁਨਿਆਵੀ/ਸਕੂਲੀ ਵਿੱਦਿਆ ਵਿੱਚ ਮਦਦ ਲਈ ਖਾਸ ਪ੍ਰਬੰਧ ਹੋਵੇਗਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੇਵਾ, ਪੋਥੀ ਸਾਹਿਬ ਅਤੇ ਗੁਟਕਾ ਸਾਹਿਬ ਦੀਆਂ ਸੇਵਾਵਾਂ ਗੁਰਬਾਣੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਕਰ ਸਕੀਏ।
3. ਸਮਾਜ ਪਰਿਵਾਰਾਂ ਲਈ ਆਧੁਨਿਕ ਖੇਡਾਂ ਦੀ ਸਹੂਲਤ ਲਈ ਸਪੋਰਟਸ ਅਕੈਡਮੀ ਜਿਸ ਵਿੱਚ, ਫੁੱਟਬਾਲ ਪਿੱਚ, ਜਿੰਮ, ਮਾਰਸ਼ਲ ਆਰਟਸ ਤੋਂ ਇਲਾਵਾ ਹੋਰ ਖੇਡਾਂ ਲਈ ਆਧੁਨਿਕ ਸਾਧਨ ਹੋਣਗੇ।

ਇਹ ਸੇਵਾਵਾਂ ਆਪ ਸਭ ਸੰਗਤ ਦੇ ਨਿਰੰਤਰ ਸਹਿਯੋਗ ਨਾਲ ਹੀ ਸਫਲ ਹੋ ਸਕਦੀਆਂ ਹਨ ਸਾਧ ਸੰਗਤ ਜੀ। ਅਸੀਂ ਤੁਹਾਡੇ ਚਰਨਾਂ ਵਿਚ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਇਹ ਸੇਵਾਵਾਂ ਵਿੱਚ ਆਪਣੀਆਂ ਕਿਰਤ ਕਮਾਈਆਂ ਵਿੱਚੋਂ ਦਸਵੰਧ ਕੱਢ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਪੂਰਾ ਸਹਿਯੋਗ ਦੇਵੋ ਤਾਂ ਜੋ ਇਹ ਜਗ੍ਹਾ ਖਰੀਦ ਸਕੀਏ ਇਹ ਜਗ੍ਹਾ £630,000 ਦੀ ਹੈ ਆਪਜੀ ਦੇ ਸਹਿਯੋਗ ਨਾਲ ਇਹ ਸਭ ਕੁਝ ਹੋ ਸਕਦਾ ਹੈ ਇੱਕ ਵਾਰ ਸੇਵਾ ਦੇਣੀ ਜਾਂ ਮਹੀਨਾਵਾਰ ਸਟੈਂਡਿੰਗ ਆਰਡਰ ਸਥਾਪਤ ਕਰਨਾ ਜਿਵੇਂ ਆਪਜੀ ਨੂੰ ਚੰਗਾ ਲੱਗੇ ਆਪ ਸਮੂਹ ਸਾਧ ਸੰਗਤ ਆਪਣਾ ਪੂਰਾ ਸਹਿਯੋਗ ਦੇ ਕੇ ਇਸ ਕਾਰਜ ਨੂੰ ਸਫਲ ਕਰੋ ਜੀ।



ਮੌਜੂਦਾ ਬਿਲਡਿੰਗ ਜੋ ਕਿ ਇੱਕ ਫੁੱਟਬਾਲ ਕਲੱਬ ਦੇ ਤੌਰ ਤੇ ਵਰਤੀ ਜਾ ਰਹੀ ਸੀ ਉਸਦਾ ਨਕਸ਼ਾ



ਜ਼ਮੀਨ ਦੀ ਹੱਦਬੰਦੀ (Scale 1: 1250)



ਸਮੁੱਚੀ ਜ਼ਮੀਨ ਦੀ ਹੱਦ ਅਤੇ ਨਿਸ਼ਾਨਦੇਹੀ

ਆਪਣਾ ਯੋਗਦਾਨ ਹੇਠ ਲਿਖੇ ਬੈਂਕ ਅਕਾਊਂਟ ਵਿੱਚ ਭੇਜ ਸਕਦੇ ਹੋ ਜੀ:

| NATWEST BANK | |
|---|---|
| ACCOUNT NAME | DAMDAMI TAKSAL UK |
| ACOUNT NUMBER | 66477778 |
| SORT CODE | 60-15-26 |

ਨੋਟ: ਕਿਰਪਾ ਕਰਕੇ ਆਪਣਾ ਪੂਰਾ ਨਾਮ ਬੈਂਕ ਟਰਾਂਸਫਰ ਦੀ ਰੈਫਰੈਂਸ ਵੇਲੇ ਜ਼ਰੂਰ ਲਿਖੋ ਜੀ। ਧੰਨਵਾਦ।

Stay Connected:
email: info@damdamitaksal.co.uk

DamdamiTaksalUKJathaBhindran

## ਜਾਰੀ ਕਰਤਾ ਦਮਦਮੀ ਟਕਸਾਲ ਯੂ.ਕੇ. ਅਤੇ ਯੂਰਪ

- ਗਿਆਨੀ ਸੋਹਣ ਸਿੰਘ ਜੀ
- ਗਿਆਨੀ ਗੁਰਜਿੰਦਰ ਸਿੰਘ ਜੀ
- ਗਿਆਨੀ ਸੁਖਰਾਜ ਸਿੰਘ ਜੀ
- ਗਿਆਨੀ ਗੁਰਜੰਟ ਸਿੰਘ ਜੀ
- ਗਿਆਨੀ ਸੁਖਬੀਰ ਸਿੰਘ ਜੀ

--: ਸੰਪਰਕ ਨੰਬਰ :--
07877017219,
07400830403
07856786642